ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
SANJHI SOCH

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2473 | 23 May, 2026 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਟਰੰਪ ਵੱਲੋਂ 18 ਟ੍ਰਿਲੀਅਨ ਅਮਰੀਕੀ ਡਾਲਰ ਦੇ ਨਿਵੇਸ਼ 'ਚ ਭਾਰੀ ਉਛਾਲ ਦਾ ਦਾਅਵਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਮਈ ਨੂੰ ਅਮਰੀਕਾ ਲਈ ਮਜ਼ਬੂਤ ਆਰਥਿਕ ਵਿਕਾਸ ਦੀ ਭਵਿੱਖਬਾਣੀ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿਚ ਟ੍ਰਿਲੀਅਨਾਂ ਡਾਲਰਾਂ ਦਾ ਨਿਵੇਸ਼ ਆ ਰਿਹਾ ਹੈ ਅਤੇ ਉਨ੍ਹਾਂ ਨੇ ਵਿਦੇਸ਼ੀ ਕੰਪਨੀਆਂ ਵੱਲੋਂ ਪੂਰੇ ਅਮਰੀਕਾ ਵਿਚ ਪਲਾਂਟ ਲਗਾਉਣ ਕਾਰਨ ਮੈਨੂਫੈਕਚਰਿੰਗ (ਉਦਯੋਗਿਕ ਨਿਰਮਾਣ) ਵਿਚ ਭਾਰੀ ਤੇਜ਼ੀ ਆਉਣ ਦੀ ਉਮੀਦ ਜਤਾਈ।ਟਰੰਪ ਨੇ ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕੀ ਆਰਥਿਕਤਾ ਇੱਕ ਬੇਮਿਸਾਲ ਵਿਸਤਾਰ ਦੇ ਦੌਰ ਵਿਚ ਪ੍ਰਵੇਸ਼ ਕਰ ਰਹੀ ਹੈ। ਉਨ੍ਹਾਂ ਕਿਹਾ, "ਸਾਡੇ ਕੋਲ 18 ਟ੍ਰਿਲੀਅਨ (ਡਾਲਰ) ਖਰਚ ਕੀਤੇ ਜਾ ਰਹੇ ਹਨ ਅਤੇ ਕਿਸੇ ਵੀ ਦੇਸ਼ ਵਿਚ ਅਜਿਹਾ ਕਦੇ ਨਹੀਂ ਹੋਇਆ।" ਉਨ੍ਹਾਂ ਨੇ ਆਟੋਮੋਬਾਈਲ (ਕਾਰ) ਨਿਰਮਾਣ ਨੂੰ ਨਵੇਂ ਉਦਯੋਗਿਕ ਨਿਵੇਸ਼ ਦੇ ਇੱਕ ਪ੍ਰਮੁੱਖ ਉਦਾਹਰਣ ਵਜੋਂ ਪੇਸ਼ ਕੀਤਾ। ਉਨ੍ਹਾਂ ਕਿਹਾ, "ਸਾਡੇ ਕੋਲ ਜਰਮਨੀ, ਦੱਖਣੀ ਕੋਰੀਆ ਅਤੇ ਜਾਪਾਨ ਤੋਂ ਕਾਰ ਕੰਪਨੀਆਂ ਅਤੇ ਪਲਾਂਟ ਅਰਬਾਂ ਡਾਲਰਾਂ ਦੇ ਨਿਵੇਸ਼ ਨਾਲ ਆ ਰਹੇ ਹਨ ਅਤੇ ਉਹ ਹੁਣ ਬਣਾਏ ਜਾ ਰਹੇ ਹਨ।"

ਟਰੰਪ ਨੇ ਦਲੀਲ ਦਿੱਤੀ ਕਿ ਕੰਪਨੀਆਂ ਅਮਰੀਕੀ ਬਾਜ਼ਾਰ ਤੱਕ ਪਹੁੰਚ ਪ੍ਰਾਪਤ ਕਰਨ ਲਈ ਆਪਣੇ ਉਤਪਾਦਨ ਨੂੰ ਸੰਯੁਕਤ ਰਾਜ ਵਿਚ ਤਬਦੀਲ ਕਰ ਰਹੀਆਂ ਹਨ। ਉਨ੍ਹਾਂ ਕਿਹਾ, "ਉੱਥੇ ਹੋਣ ਦਾ ਕਾਰਨ ਇਹ ਹੈ ਕਿਉਂਕਿ ਉਹ ਸਾਡੇ ਬਾਜ਼ਾਰ ਵਿਚ (ਸਾਮਾਨ) ਵੇਚਣਾ ਚਾਹੁੰਦੇ ਹਨ।" ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕੀ ਲੋਕ ਅਜਿਹੇ ਆਰਥਿਕ ਵਿਕਾਸ ਦੇ ਗਵਾਹ ਬਣਨਗੇ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਟਰੰਪ ਨੇ ਕਿਹਾ, "ਤੁਸੀਂ ਅਜਿਹੀਆਂ ਚੀਜ਼ਾਂ ਦੇਖਣ ਜਾ ਰਹੇ ਹੋ, ਜੋ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਸੰਭਵ ਹੋਣਗੀਆਂ। ਤੁਸੀਂ ਅਗਲੇ ਤਿੰਨ ਸਾਲਾਂ ਵਿਚ ਸਾਡੇ ਦੇਸ਼ ਲਈ ਬਹੁਤ ਸਾਰੀਆਂ ਸ਼ਾਨਦਾਰ ਚੀਜ਼ਾਂ ਦੇਖੋਗੇ।"



ਇਹ ਟਿੱਪਣੀਆਂ ਉਸ ਵੇਲੇ ਆਈਆਂ ਹਨ, ਜਦੋਂ ਟਰੰਪ ਵਪਾਰ, ਟੈਰਿਫ (ਟੈਕਸ) ਅਤੇ ਘਰੇਲੂ ਨਿਰਮਾਣ 'ਤੇ ਲਗਾਤਾਰ ਧਿਆਨ ਕੇਂਦਰਿਤ ਕਰਦੇ ਹੋਏ ਆਪਣੇ ਆਰਥਿਕ ਸੰਦੇਸ਼ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪੂਰੀ ਗੱਲਬਾਤ ਦੌਰਾਨ, ਉਹ ਵਾਰ-ਵਾਰ ਵਿਦੇਸ਼ ਨੀਤੀ ਦੇ ਸਵਾਲਾਂ ਤੋਂ ਹਟ ਕੇ ਆਰਥਿਕ ਮੁੱਦਿਆਂ ਵੱਲ ਮੁੜਦੇ ਰਹੇ, ਜੋ ਇਹ ਸੰਕੇਤ ਦਿੰਦਾ ਹੈ ਕਿ ਨਿਵੇਸ਼ ਅਤੇ ਉਦਯੋਗਿਕ ਵਿਕਾਸ ਉਨ੍ਹਾਂ ਦੇ ਪ੍ਰਸ਼ਾਸਨ ਦੇ ਮੁੱਖ ਵਿਸ਼ੇ ਬਣੇ ਰਹਿਣਗੇ।

ਆਰਥਿਕ ਮੁੱਦਿਆਂ ਦੇ ਨਾਲ-ਨਾਲ, ਟਰੰਪ ਨੇ ਕੈਲੀਫੋਰਨੀਆ ਦੀ ਚੋਣ ਪ੍ਰਣਾਲੀ ਦੀ ਆਲੋਚਨਾ ਕੀਤੀ, ਇਸ ਨੂੰ "ਫਿਕਸਡ/ਧਾਂਦਲੀ ਵਾਲੀ" ਅਤੇ "ਸਭ ਤੋਂ ਬੇਈਮਾਨ ਪ੍ਰਣਾਲੀਆਂ ਵਿਚੋਂ ਇੱਕ" ਕਿਹਾ। ਉਨ੍ਹਾਂ ਦਾਅਵਾ ਕੀਤਾ ਕਿ ਰਿਪਬਲਿਕਨਾਂ ਨੂੰ ਰਾਜ ਦੀ ਵੋਟਿੰਗ ਪ੍ਰਕਿਰਿਆ ਵਿਚ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਟਰੰਪ ਨੇ ਕਿਹਾ, "ਰਿਪਬਲਿਕਨਾਂ ਨੂੰ ਆਵਾਜ਼ ਉਠਾਉਣੀ ਪਵੇਗੀ। ਇਹ ਇੱਕ ਪੱਖਪਾਤੀ ਪ੍ਰਣਾਲੀ ਹੈ।"

# ਅੱਜ 19ਵੇਂ ਰੁਜ਼ਗਾਰ ਮੇਲੇ ਵਿੱਚ ਨੌਜਵਾਨਾਂ ਨੂੰ ਸੌਂਪਣਗੇ ਨਿਯੁਕਤੀ ਪੱਤਰ

## ਦੇਸ਼ ਭਰ ਦੇ ਕੁੱਲ 47 ਸ਼ਹਿਰਾਂ ਵਿੱਚ ਰੁਜ਼ਗਾਰ ਮੇਲੇ ਲਗਾਏ ਜਾਣਗੇ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ 19ਵੇਂ ਰੁਜ਼ਗਾਰ ਮੇਲੇ ਦੇ ਹਿੱਸੇ ਵਜੋਂ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ 51,000 ਤੋਂ ਵੱਧ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡਣਗੇ। ਇਹ ਪ੍ਰੋਗਰਾਮ ਦੇਸ਼ ਭਰ ਵਿੱਚ 47 ਥਾਵਾਂ 'ਤੇ ਆਯੋਜਿਤ ਕੀਤਾ ਜਾਵੇਗਾ। ਹੁਣ ਤੱਕ 18 ਨੌਕਰੀ ਮੇਲਿਆਂ ਰਾਹੀਂ ਲਗਭਗ 12 ਲੱਖ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੁਜ਼ਗਾਰ ਮੇਲੇ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਿੱਚ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਵਰਚੁਅਲੀ 51,000 ਤੋਂ ਵੱਧ ਨਿਯੁਕਤੀ ਪੱਤਰ ਵੰਡਣਗੇ।ਪ੍ਰਧਾਨ ਮੰਤਰੀ ਮੋਦੀ ਸ਼ਨੀਵਾਰ ਨੂੰ 19ਵੇਂ ਨੌਕਰੀ ਮੇਲੇ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ 51,000 ਨਿਯੁਕਤੀ ਪੱਤਰ ਸੌਂਪਣਗੇ। ਇਸ ਮੌਕੇ ਉਹ ਇੱਕ ਇਕੱਠ ਨੂੰ ਵੀ ਸੰਬੋਧਨ ਕਰਨਗੇ।ਇਸ ਸੰਬੰਧੀ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਪੋਸਟ ਵਿੱਚ ਕਿਹਾ ਕਿ, "ਦੇਸ਼ ਭਰ ਵਿੱਚ ਸਾਡੇ ਨੌਜਵਾਨ ਸਾਥੀਆਂ ਦੇ ਉੱਜਵਲ ਭਵਿੱਖ ਅਤੇ ਸਸ਼ਕਤੀਕਰਨ ਪ੍ਰਤੀ ਸਾਡੀ ਵਚਨਬੱਧਤਾ ਅਟੁੱਟ ਹੈ। ਇਸ ਉਦੇਸ਼ ਲਈ, ਮੈਂ ਵੀਡੀਓ ਕਾਨਫਰੰਸਿੰਗ ਰਾਹੀਂ ਇੱਕ ਹੋਰ ਨੌਕਰੀ ਮੇਲੇ ਵਿੱਚ ਹਿੱਸਾ ਲਵਾਂਗਾ, ਜਿੱਥੇ ਮੈਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਲਈ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਦਾ ਸੁਭਾਗ ਪ੍ਰਾਪਤ ਹੋਵੇਗਾ।



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS




**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਔਰਤਾਂ ਦੀ ਮੁਕਤੀ ਲਈ ਆਰਥਿਕ ਆਜ਼ਾਦੀ ਦੀ ਗੁੜ੍ਹਤੀ ਜ਼ਰੂਰੀ




ਭਾਰਤ ਵਿੱਚ ਅਬਾਦੀ ਮੁਤਾਬਿਕ ਇਸਤਰੀਆਂ ਦਾ ਅੱਧਾ ਹਿੱਸਾ ਹੈ। ਭਾਵੇਂ! ਔਰਤ-ਮਰਦ ਦੀ ਬਰਾਬਰਤਾ ਦੀ ਗੱਲ ਕੀਤੀ ਜਾਂਦੀ ਹੈ ਪਰ ! ਅਸਲ ਵਿੱਚ ਅਜਿਹਾ ਨਹੀ ਹੈ। ਜੇਕਰ ਦੇਸ਼ ਨੇ ਤਰੱਕੀ ਕਰਨੀ ਹੈ, ਤਾਂ ਆਰਥਿਕ 'ਤੇ ਰਾਜਨੀਤਕ ਥਾਵਾਂ 'ਤੇ ਬਰਾਬਰਤਾ ਦੇਣੀ ਵੀ ਬਹੁਤ ਹੀ ਜਰੂਰੀ ਹੈ। ਸਾਨੂੰ ਸਾਰਿਆਂ ਨੂੰ ਇਹ ਵੀ ਪਤਾ ਹੈ, 'ਕਿ ਦੇਸ਼ ਦੀ ਰਾਜਨੀਤੀ ਵਿੱਚ ਔਰਤਾਂ ਦੀ ਹੋਂਦ ਨਾ ਬਰਾਬਰ ਹੀ ਹੈ। ਇਹ ਸਥਿਤੀ ਦੇਸ਼ ਵਿੱਚ ਉਸ ਸਮੇਂ ਦੇਖਣ ਨੂੰ ਮਿਲ ਰਹੀ ਹੈ, ਜਦੋਂ ਕਿ ਔਰਤਾਂ ਆਪਣੀ ਯੋਗਤਾ ਤੇ ਮਿਹਨਤ ਨਾਲ ਅੱਗੇ ਵੱਧ ਰਹੀਆਂ ਹਨ। ਪ੍ਰਤੂੰ ਬਹੁਤ ਹੀ ਅਫ਼ਸੋਸ ਵਾਲੀ ਗੱਲ ਹੈ ਕਿ ਦੇਸ਼ ਦੀ ਆਜ਼ਾਦੀ ਦੇ 78-ਸਾਲਾਂ ਬਾਦ ਵੀ ਮਰਦ-ਔਰਤ ਦੀ ਲਿੰਗਕ ਬਰਾਬਰਤਾ ਵਿੱਚ ਕੀਤੀਆਂ ਗਈਆਂ ਪ੍ਰਾਪਤੀਆ ਸਿਰਫ਼ ਨਾਂਹ ਦੇ ਬਰਾਬਰ ਹੀ ਦਿਸ ਰਹੀਆਂ ਹਨ। ਔਰਤਾਂ ਦੇ ਸਮਾਜਿਕ ਜੀਵਨ ਦੀ ਭੂਮਿਕਾ ਵੀ ਚਿੰਤਾ ਵਾਲੀ ਹੈ। ਜਿਸ ਦਾ ਨਾ ਹੀ ਇਸ ਵੱਲ ਸਰਕਾਰਾਂ ਵਲੋਂ ਸੰਜੀਦਾ ਧਿਆਨ ਹੀ ਦਿੱਤਾ ਜਾਂਦਾ ਹੈ 'ਤੇ ਨਾ ਹੀ ਦਿੱਤਾ ਜਾ ਰਿਹਾ ਹੈ।

ਜੇਕਰ ਦੇਖਿਆ ਜਾਵੇ ਔਰਤਾਂ ਨੇ ਕੌਮੀ ਅਤੇ ਸੰਸਾਰ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ ਹੈ ਅਤੇ ਚੰਗਾ ਪ੍ਰਗਟਾਵਾ ਹੀ ਕੀਤਾ ਹੈ। ਜਦੋਂ ਕਿ, ਸਾਡਾ ਸਮਾਜ ਅਤੇ ਦੁਨੀਆ ਅੱਗੇ ਵੱਧ ਰਹੀ ਹੋਵੇ ਤਾਂ ਸਾਡੇ ਦੇਸ਼ ਅੰਦਰ 'ਮਰਦ-ਪ੍ਰਧਾਨ ਮਾਨਸਿਕਤਾ' ਔਰਤਾਂ ਨੂੰ ਅੱਜ ਵੀ ਉਨ੍ਹਾਂ ਦੇ ਆਪਣੇ ਹੱਕਾਂ ਤੋਂ ਵਾਂਝੇ ਕਰ ਰਹੀ ਹੈ। ਜਦ ਕਿ 78 ਸਾਲਾਂ ਦੀ ਅਜ਼ਾਦੀ ਦੇ ਬਾਦ ਹਰ ਥਾਂ ਔਰਤਾਂ ਨੇ ਵੀ ਆਪਣਾ ਪੂਰਾ ਯੋਗਦਾਨ ਪਾਇਆ ਹੈ।ਪਰ ! ਅੱਜ ਵੀ ਔਰਤਾਂ ਦਾ ਸ਼ਸ਼ਕਤੀਕਰਨ ਸਿਰਫ਼ ਕਾਗਜਾਂ ਵਿੱਚ ਹੀ ਬਣ ਕੇ ਰਹਿ ਗਿਆ ਹੈ। ਜਦ ਕਿ ਅਸਲੀਅਤ ਕੁਝ ਹੋਰ ਹੀ ਹੈ। ਖਾਸ ਕਰਕੇ ਦੇਸ਼ ਦੀ ਅੱਧੀ ਅਬਾਦੀ ਔਰਤਾਂ ਨੂੰ ਲੋਕਤੰਤਰ ਵਿਵਸੱਥਾ ਵਿਚ ਬਰਾਬਰੀ ਦਾ ਹੱਕ ਅਮਲੀ ਰੂਪ 'ਚ ਨਸੀਬ ਨਹੀਂ ਹੋ ਸੱਕਿਆ ਹੈ।

ਪਿਛਲੇ ਕਾਫੀ ਸਮੇਂ ਤੋਂ ਔਰਤਾਂ ਲਈ 33-ਫੀਸਦ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ ਕਾਨਫਰੰਸਾਂ, ਮੁਜ਼ਾਹਰੇ, ਜਲਸੇ 'ਤੇ ਸੰਸਦਾ ਦੇ ਘਿਰਾਓ ਵੀ ਕੀਤੇ ਗਏ, ਕਿ ਔਰਤਾਂ ਲਈ 33-ਫੀਸਦ ਦਾ ਬਿੱਲ ਪਾਸ ਕੀਤਾ ਜਾਵੇ। ਪਰ ! ਚਾਹੀਦਾ ਤਾਂ ਇਹ ਸੀ, ਕਿ ਔਰਤਾਂ ਲਈ 50-ਫੀਸਦ ਵਾਰੇ ਬਿਲ ਪਾਸ ਕੀਤਾ ਜਾਂਦਾ। ਪਰ ! ਦੇਸ਼ ਵਿੱਚ 33-ਫੀਸਦ ਦਾ ਬਿੱਲ ਵੀ ਕੇਂਦਰ ਵਿੱਚ ਸਰਕਾਰ ਵਲੋਂ ਪਾਸ ਨਹੀਂ ਕੀਤਾ ਜਾ ਰਿਹਾ ਹੈ।

ਭਾਵੇਂ! ਪੰਚਾਇਤਾਂ ਨੇ ਨਗਰਪਾਲਿਕਾ ਵਿੱਚ ਔਰਤਾਂ ਨੂੰ 50-ਫੀਸਦ ਦਾ ਹਿੱਸਾ ਦੇਣ ਦਾ ਬਿੱਲ ਉਸ ਸਮੇਂ ਦੇ ਪ੍ਰਧਾਨਮੰਤਰੀ ਰਾਜੀਵ ਗਾਂਧੀ ਨੇ ਪਾਸ ਕਰ ਦਿੱਤਾ ਸੀ 'ਤੇ ਅੱਜ ਭਾਵੇਂ ਔਰਤਾਂ ਉਥੇ ਆਪਣਾ ਹਿੱਸਾ ਪਾ ਰਹੀਆਂ ਹਨ। ਪਰ ! ਉੱਥੇ ਵੀ ਅਮਲ ਵਿੱਚ ਮਰਦ ਹੀ ਜ਼ਿਆਦਾਤਰ ਆਪਣੀ ਮੁੱਖਤਿਆਰੀ ਦਿਖਾ ਰਹੇ ਹਨ। ਇਸ ਦੇ ਵਾਰੇ ਅੱਜੇ ਤੱਕ ਤਾਂ ਔਰਤਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਹੈ ਕਿ ਕਿਹੜੇ-ਕਿਹੜੇ ਖਿਤਿਆਂ ਜਾਂ ਵਾਰਡਾਂ ਵਿੱਚ ਸਾਡਾ ਕਿੰਨਾ ਹਿੱਸਾ ਹੈ ਅਤੇ ਅਸੀਂ ਕਿਉਂ 'ਤੇ ਕਿਸ ਲਈ ਵੋਟ ਪਾਉਣੀ ਹੈ। ਜੇਕਰ ਦੇਖਿਆ ਜਾਵੇ ਸੰਸਦ ਦੀਆਂ 2024 ਦੀਆਂ ਚੋਣਾਂ ਵਿੱਚ ਇਸਤਰੀਆਂ ਦੀ ਹਿੱਸੇਦਾਰੀ ਮਰਦਾਂ ਦੇ ਮੁਕਾਬਲੇ ਸਿਰਫ਼ 14-ਫੀ ਸਦ ਹੀ ਰਹੀ ਹੈ।

ਇਸ ਲਈ ਔਰਤਾਂ ਦੀ ਅਬਾਦੀ ਅਨੁਸਾਰ ਉਨ੍ਹਾਂ ਦੀ ਦਾਹਵੇਦਾਰੀ 'ਤੇ ਪ੍ਰਤੀਨਿਧਤਾ ਦਾ ਭਾਰ ਚੁਣੇ ਗਏ ਮਰਦਾਂ ਤੋਂ ਵੀ ਕਿਤੇ ਕਈ ਗੁਣਾਂ ਘੱਟ ਹੈ। ਇਸ ਤੋਂ ਸਾਫ ਪਤਾ ਲੱਗਦਾ ਹੈ, ਕਿ ਉਨ੍ਹਾਂ ਦੀ ਰਾਜਨੀਤਕ ਹਿੱਸੇਦਾਰੀ ਦੇ ਦਾਅਵੇ ਅਤੇ ਉਸ ਦੀ ਅਸਲੀਅਤ ਦੇ ਵਿਚਕਾਰ ਇਕ ਵੱਡਾ 'ਮੱਤ-ਭੇਦ 'ਤੇ ਫਰਕ਼ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ, 'ਡਾ: ਅੰਬੇਦਕਰ ਔਰਤਾਂ ਦੀ ਤਰੱਕੀ ਦੇ ਬੇਹਦ ਹੱਕ ਵਿੱਚ ਸਨ। ਉਨ੍ਹਾਂ ਦਾ ਇਹ ਵੀ ਮੰਨਣਾ ਸੀ, 'ਕਿ ਕਿਸੇ ਵੀ ਸਮਾਜ ਦਾ ਮਮੁਲ ਅੰਕਣ ਇਸ ਗਲ ਨਾਲ ਹੀ ਕੀਤਾ ਜਾਂਦਾ ਹੈ, ਕਿ ਉਸ ਵਿੱਚ ਔਰਤਾ ਦਾ ਕਿੰਨਾ ਹਿੱਸਾ ਹੈ? ਉਹ ਕਿਹੋ ਜਿਹੀ ਸਥਿਤੀ ਵਿੱਚ ਹਨ।ਦੁਨੀਆਂ ਦੀ ਲੱਗ-ਪੱਗ ਅੱਧੀ ਅਬਾਦੀ ਔਰਤਾਂ ਦੀ ਹੈ ! ਇਸ ਲਈ ਜਿਨ੍ਹਾਂ ਚਿਰ ਉਹਨਾਂ ਦਾ ਬਰਾਬਰ ਵਿਕਾਸ ਨਹੀਂ ਹੁੰਦਾ ਤਾਂ !ਕੋਈ ਵੀ ਦੇਸ਼ ਚੰਹੁਮੁੱਖੀ ਵਿਕਾਸ ਨਹੀਂ ਕਰ ਸਕਦਾ ਹੈ। ਜੇਕਰ ਅਸੀਂ ਦੇਸ਼ ਵਿੱਚ ਲੋਕਤੰਤਰ ਲਿਆਉਣਾ ਚਾਹੁੰਦੇ ਹਾਂ, ਤਾਂ ! ਉਨ੍ਹਾਂ ਔਰਤਾਂ ਨੂੰ ਮਾਂ-ਬਾਪ ਦੀ ਜਾਇਦਾਦ ਦਾ ਹਿੱਸਾ ਮਰਦਾਂ ਦੇ ਬਰਾਬਰ ਅਤੇ ਅਧਿਕਾਰ ਦਿੱਤੇ ਜਾਣ।

ਤਾਂ ! ਹੀ ਉਹ ਔਰਤ ਨਿਰਪੱਖ ਹੋ ਕੇ ਅੱਗੇ ਵੱਧ ਸੱਕੇਗੀ ਅਤੇ ਸਮਾਜ ਵਿੱਚ ਉਸ ਨੂੰ ਬਰਾਬਰੀ ਦਾ ਦਰਜਾ ਮਿਲ ਸਕੇਗਾ।

ਇਹਦੇ ਵਿੱਚ ਕੋਈ ਸ਼ਕ ਨਹੀ ਹੈ, ਕਿ ਸਿੱਖਿਆ ਅਤੇ ਆਰਥਿਕ ਤਰੱਕੀ ਔਰਤਾਂ ਨੂੰ ਸਮਾਜਿਕ ਬਰਾਬਰੀ ਦਿਵਾਉਣ ਲਈ ਵੀ ਮਦਦ ਕਰੇਗੀ। ਪਰ ? ਇਹ ਵੀ ਦੇਖਣਾ ਪਏਗਾ ਅਤੇ ਇਸ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿ, ਦੇਸ਼ ਵਿੱਚ ਇਸ ਮਰਦ ਪ੍ਰਧਾਨ ਸਮਾਜ 'ਤੇ ਪਰੰਪਰਾਗਤ ਮਾਨਸਿਕਤਾ ਦੇ ਭਾਰੂ ਹੋਣ ਕਾਰਨ ਅੱਜ ਦੀ ਔਰਤ ਹਾਸ਼ੀਏ 'ਤੇ ਹੀ ਹੈ। ਦੇਸ਼ ਦੀ ਅਜ਼ਾਦੀ ਤੋਂ ਬਾਦ ਬਣੇ ਸੰਵਿਧਾਨ ਵਿੱਚ ਇਹ ਗੱਲ ਅੰਕਿਤ ਹੈ, ''ਕਿ ਜਿਨਾਂ ਚਿਰ ਔਰਤਾਂ ਦਾ ਰਾਜਨੀਤਕ, ਸਮਾਜਿਕ 'ਤੇ ਆਰਥਿਕ ਤੌਰ 'ਤੇ ਸ਼ਸ਼ਕਤੀਕਰਨ ਨਹੀਂ ਕੀਤਾ ਜਾਵੇਗਾ, ਇਸ ਮਰਦ ਪ੍ਰਧਾਨ ਸਮਾਜ ਅੰਦਰ ਲਿੰਗਕ ਵਿਤਕਰਾ ਵੀ ਖਤਮ ਨਹੀਂ ਹੋ ਸੱਕੇਗਾ ? ਉਨ੍ਹਾ ਚਿਰ ਔਰਤਾਂ ਅੱਗੇ ਵੀ ਨਹੀਂ ਵੱਧ ਸਕਣਗੀਆਂ।ੱ ਅਸੀਂ 21-ਵੀਂ ਸਦੀ ਵਿਚ ਪਹੁੰਚ ਗਏ ਹਾਂ। ਅੱਜ ਵੀ ਰਾਜਾਂ (ਸੂਬਿਆਂ) ਦੀਆਂ ਵਿਧਾਨ ਸਭਾਵਾਂ ਵਿੱਚ ਔਰਤਾਂ ਦੀ ਪ੍ਰਧੀਨਿਧਤਾ ਨਿਰਾਸ਼ਾਜਨਕ ਹੀ ਹੈ।

ਅਸਲ ਵਿੱਚ ਅੱਜੇ ਤਕ ਵੀ ਦੇਸ਼ ਦੀ ਅੱਧੀ ਅਬਾਦੀ ਦਾ ਇਕ ਬਹੁਤ ਵੱਡਾ ਹਿੱਸਾ ਆਪਣੇ ਲਈ ਬਣੇ ਕਾਇਦੇ ਕਾਨੂੰਨਾਂ ਅਤੇ ਅਧਿਕਾਰਾਂ ਤੋਂ ਵਾਂਝਿਆ ਹੈ। ''ਸੰਸਾਰ ਆਰਥਿਕ ਮੰਚ-2022 ਦੀੱ (ਦੀ ਗਲੋਬਲ ਜੈਂਡਰ ਗੈਪ ਇੰਡੈਕਸ) ਦੀ ਰੀਪੋਰਟ ਵਿੱਚ ਭਾਰਤ 146 ਦੇਸ਼ਾਂ ਦੀ ਸੂਚੀ ਵਿਚੋਂ 135ਵੇਂ ਸਥਾਨ 'ਤੇ ਸੀ। ''ਆਰਥਿਕ ਫੋਮ ਦੀ ਗਲੋਬਲ ਜੈਂਡਰ ਗੈਪ ਇੰਡੈਕਸ-2025 ਵਿੱਚ ਭਾਰਤ 146 ਦੇਸ਼ਾਂ ਵਿਚੋਂ 131-ਵੇਂ ਸਥਾਨ 'ਤੇ ਆ ਗਿਆ ਹੈ। ਜੋ ਪਿਛਲੇ ਵਰ੍ਹਿਆਂ ਨਾਲੋਂ ਵੀ ਹੇਠਾਂ ਆ ਗਿਆ ਹੈ।

ਜਦ ਕਿ ਅਸੀਂ ''ਵਿਸ਼ਵ-ਗੁਰੂੱ ਬਣਨ ਦੀਆਂ ਡੀਗਾਂ ਮਾਰ ਰਹੇ ਹਾਂ। ਇਸ ਸਮੇਂ ਆਈਸਲੈਂਡ ਲਗਾਤਾਰ ਪਹਿਲੇ ਸਥਾਨ 'ਤੇ ਕਾਬਜ਼ ਹੈ। ਜਿਸ ਨੇ ਆਪਣੇ ਲਿੰਗਕ-ਪਾੜੇ ਦਾ 92.6 ਫੀ-ਸਦ ਤੋਂ ਵੱਧ ਹਿੱਸਾ ਖਤਮ ਕਰ ਲਿਆ ਹੈ। ਇਸ ਤੋਂ ਬਾਦ ਦੂਸਰੇ ਨੰਬਰ 'ਤੇ ਫਿਨਲੈਂਡ, ਨਾਰਵੇ ਤੇ ਸਵੀਡਨ ਦਾ ਨੰਬਰ ਆਉਂਦਾ ਹੈ। ਲਿੰਗਕ-ਗੈਪ ਇੰਡੈਕਸ ਦੀ ਰੀਪੋਰਟ ਦੁਨੀਆਂ ਭਰ ਵਿੱਚ ਲਿੰਗ-ਸਮਾਨਤਾ ਦੀ ਸਥਿਤੀ ਨੂੰ ਨਾਪਦੀ ਹੈ।ਇਹ ਰੀਪੋਰਟ ਚਾਰ ਮੁੱਖ ਥੰਮਾਂ-ਆਰਥਿਕ-ਭਾਗੀਦਾਰੀ, ਸਿੱਖਿਆ, ਸਿਹਤ 'ਤੇ ਰਾਜਨੀਤਕ ਸ਼ਕਤੀ 'ਤੇ ਅਧਾਰਿਤ ਹੁੰਦੀ ਹੈ। ਇਸ ਸਮੇਂ ਸੰਸਾਰ ਪੱਧਰ ਦੀ ਸੱਥਿਤੀ ਦੀ ਤਾਜ਼ਾ ਰੀਪੋਰਟਾਂ ਅਨੁਸਾਰ ਵਿਸ਼ਵ ਪੱਧਰ 'ਤੇ ਲਿੰਗਕ-ਪਾੜਾ 68.8-ਫੀ -ਸਦ ਤੱਕ ਬੰਦ ਹੋ ਗਿਆ ਹੈ। ਪੂਰੀ ਬਰਾਬਰੀ ਤੱਕ ਪੰਹੁਚਣ ਵਿੱਚ ਮੌਜੂਦਾ ਰਫ਼ਤਾਰ ਨਾਲ ਲੱਗ-ਪੱਗ 123 ਤੋਂ 134 ਸਾਲ ਹੋਰ ਲੱਗਣ ਦੀਆਂ ਕਿਆਸ ਅਰਾਈਆਂ ਹਨ।

ਪ੍ਰਤੂੰ ਅਜੇ ਤੱਕ ਵੀ ਬਹੁਤੇ ਦੇਸ਼ਾਂ ਵਿੱਚ ਭਾਰਤ ਸਮੇਤ ਔਰਤਾਂ ਆਪਣੇ ਅਧਿਕਾਰਾਂ ਨੂੰ ਲੈ ਕੇ ਜਾਗਰੂਕ ਨਹੀਂ ਹਨ ਅਤੇ ਲਿੰਗਕ ਭੇਦ-ਭਾਵ ਦਾ ਸ਼ਿਕਾਰ ਵੀ ਸਭ ਤੋਂ ਵੱਧ ਅੱਜ ਔਰਤਾਂ ਹੀ ਹਨ। ਕਿਉਂਕਿ ਅਜੇ ਤੱਕ ਲੜਕੀਆਂ ਦੀ ਪੜ੍ਹਾਈ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾਂਦਾ ਹੈ ਅਤੇ ਨਾ ਹੀ ਦਿੱਤਾ ਜਾ ਰਿਹਾ ਹੈ। ਜੋ ਔਰਤਾਂ ਥੋੜਾ ਬਹੁਤਾ ਪੜ੍ਹੀਆਂ ਲਿੱਖੀਆਂ ਹੁੰਦੀਆਂ ਹਨ ਉਹ ਘਰ ਵਾਲੇ ਅਤੇ ਪ੍ਰੀਵਾਰਾਂ ਵਲੋਂ ਉਤਸ਼ਾਹਿਤ ਕਰਨ ਨਾਲ ਅਤੇ ਆਪਣੇ ਵਲੋਂ ਕੀਤੇ ਸੰਘਰਸ਼ਾਂ ਨਾਲ ਭਾਵੇਂ ਅੱਗੇ ਵੱਧ ਜਾਂਦੀਆਂ ਹਨ।

ਪਰ ! ਫਿਰ ਵੀ ਤਰੱਕੀ ਵਿੱਚ ਦੇਰੀ ਦਾ ਕਾਰਨ, ਜਿੱਥੇ ਉਹ ਕੰਮ ਕਰਦੀ ਹੈ, ਉਸ ਨੂੰ ਮਰਦਾਂ ਦੀ ਉਤਪੀੜਨਤਾ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ ਦੇਸ਼ ਵਿੱਚ ਔਰਤਾਂ ਦੇ ਕੁਪੋਸ਼ਣ ਦਾ ਅੰਕੜਾ ਵੀ ਹੈਰਾਨ ਕਰਨ ਵਾਲਾ ਹੈ। ਫਰਵਰੀ, ਸਾਲ 2026 ਤੱਕ ਲੋਕਾਂ ਵਿੱਚ ਭੁੱਖਮਰੀ (ਘੱਟ-ਖੁਰਾਕ) ਦਾ ਅੰਕੜਾ ਵੀ 12-ਫੀ ਸਦ ਸੀ। ਪੰਜ ਸਾਲ ਤੋਂ ਘੱਟ ਬੱਚਿਆਂ ਦੀ ਮੌਤ ਦਰ 2.8-ਫੀ ਸਦ ਹੈ।ਭਾਰਤ ''ਗਲੋਬਲ ਹੰਗਰ ਇੰਡੈਕਸ-2025ੱ ਵਿੱਚ 25.8 ਦੇ ਸਕੋਰ 'ਤੇ ਹੈ। ਗਲੋਬਲ ਹੰਗਰ ਇੰਡੈਕਸ ਦੀ ਸਲਾਨਾ ਰੀਪੋਰਟ ਵਿੱਚ ਭਾਰਤ 123 ਦੇਸ਼ਾਂ ਵਿੱਚ 102ਵੇਂ ਸਥਾਨ 'ਤੇ ਹੈ। ਭਾਵ 25.8 ਦੇ ਸਕੋਰ ਨਾਲ ਭਾਰਤ ਵਿੱਚ ਭੁੱਖਮਰੀ ਦਾ ਪੱਧਰ ਗੰਭੀਰ ਮੰਨਿਆ ਗਿਆ ਹੈ।

ਅੱਜ ! ਦੇਸ਼ ਦੇ ਹਾਕਮਾਂ ਵਲੋਂ ਔਰਤ ਨੂੰ ਇਕ ਵੋਟ ਬੈਂਕ ਹੀ ਸਮਝਿਆ ਜਾ ਰਿਹਾ ਹੈ। ਔਰਤ ਦੇ ਸ਼ਸ਼ਕਤੀਕਰਨ ਦੇ ਨਾਮ ਤੇ ਹਰ ਮਹੀਨੇ ਥੋੜੇ ਜਿਹੇ ਮਾਲੀ ਲਾਲਚ ਦੇਣ ਦੇ ਨਾਲ ਉਨ੍ਹਾਂ ਦਾ ਸ਼ਸ਼ਕਤੀਕਰਨ ਨਹੀਂ ਹੋਵੇਗਾ ! ਸਗੋਂ ਤੇ ਉਸ ਨੂੰ ਹਰ ਖੇਤਰ ਵਿੱਚ ਪਹਿਲਤਾ ਦੇਣੀ ਚਾਹੀਦੀ ਹੈ 'ਤੇ ਆਰਥਿਕ ਤੌਰ 'ਤੇ ਉਸ ਦੀ ਮਦਦ ਲਈ ਉਸ ਨੂੰ ਸਥਾਈ ਰੁਜ਼ਗਾਰ ਦਿੱਤਾ ਜਾਵੇ। ਔਰਤ ਦਾ ਸ਼ਸ਼ਕਤੀਕਰਨ ਤਾਂ ਹੀ ਹੋ ਸਕਦਾ ਹੈ ।

ਜੇਕਰ ਉਸ ਨੂੰ ਰਾਜਨੀਤੀ ਵਿੱਚ ਬਰਾਬਰਤਾ ਦੇਣੀ ਹੈ ਤਾਂ 33-ਫੀਸਦ ਦੀ ਥਾਂ 50-ਫੀ ਸਦ ਹਿੱਸਾ ਪਾਸ ਕਰਕੇ ਉਸ ਨੂੰ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਲਿਆਂਦਾ ਜਾਵੇ। ਸਭ ਤੋਂ ਵੱਡੀ ਵਿੰਡਬਣਾ ਹੈ, ਕਿ ਅੱਜ ਦੇਸ਼ ਵਿੱਚ ਔਰਤ ਕਿਸੇ ਥਾਂ 'ਤੇ ਵੀ ਸੁਰੱਖਿਅਤ ਨਹੀਂ ਹੈ। ਨਾ ਤਾਂ ਘਰ ਅਤੇ ਨਾ ਹੀ ਬਾਹਰ। ਅੱਜ ਵੀ ਔਰਤਾਂ ਨਾਲ ਅਪਰਾਧਿਕ ਮਾਮਲਿਆਂ ਵਿੱਚ ਤੇ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਭਾਵੇਂ ਔਰਤਾਂ ਦੇ ਖਿਲਾਫ ਵਧ ਰਹੇ ਅਪਰਾਧਾਂ ਨੂੰ ਰੋਕਣ ਲਈ ਕਾਨੂੰਨ ਬਣਾਏ ਗਏ ਹਨ। ਪਰ ! ਨਾ ਤਾਂ ਉਨ੍ਹਾਂ ਕਾਨੂੰਨਾਂ ਦੀ ਪਾਲਣਾ ਹੋ ਰਹੀ ਹੈ ਤੇ ਨਾ ਹੀ ਤੱਟ-ਫੱਟ ਕੋਈ ਵੀ ਫੈਸਲਾ ਹੁੰਦਾ ਹੈ। ਕੇਸ ਕਈ ਤਰ੍ਹਾਂ ਪਚੀਦਾ ਹੋਣ ਕਰਕੇ ਅਪਰਾਧੀ ਬਰੀ ਹੋ ਜਾਂਦੇ ਹਨ। ਕਈ ਵਾਰੀ ਔਰਤ ਵੀ ਆਪਣੇ ਨਾਲ ਹੋਈ ਬੇ-ਇਜ਼ਤੀ ਨੂੰ ਸਮਝ ਕੇ ਵੀ ਆਪਣੇ ਤੇ ਹੋ ਰਹੇ ਅੱਤਿਆਚਾਰ ਦੇ ਖਿਲਾਫ ਅਵਾਜ਼ ਨਹੀਂ ਉਠਾਉਂਦੀ। ਲੰਮੀ ਲੜਾਈ ਲੜਨ ਤੋਂ ਵੀ ਉਹ ਝਿਜਕਦੀ ਹੈ।

ਇਹੋ ਜਿਹੇ ਹਾਲਾਤਾਂ ਵਿੱਚ ਦੇਸ਼ ਦੇ ਹਾਕਮਾਂ ਨੂੰ ਔਰਤਾਂ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਦੀ ਜ਼ਰੂਰਤ ਹੈ। ਅੱਜ ਵੀ ਦੇਸ਼ ਦੀ ਰਾਜਨੀਤੀ ਤੋਂ ਲੈ ਕੇ ਆਰਥਿਕ 'ਤੇ ਰੁਜ਼ਗਰ ਦੇ ਮਾਮਲਿਆਂ ਵਿੱਚ ਔਰਤਾਂ ਦੀ ਹਿੱਸੇਦਾਰੀ ਨੂੰ ਵਧਾਉਣ ਵਿੱਚ ਹਾਕਮਾਂ ਵਲੋਂ ਪੂਰਨ ਤੌਰ 'ਤੇ ਸਹਿਯੋਗ ਦੇਣ 'ਤੇ ਉਨ੍ਹਾਂ ਨਾਲ ਕੀਤਾ ਜਾ ਰਿਹਾ ਭਿੰਨ-ਭੇਦ ਖਤਮ ਕਰਕੇ ਹੀ ਦੇਸ਼ ਨੂੰ ਤਰੱਕੀ ਵੱਲ ਲਿਜਾਇਆ ਜਾ ਸਕਦਾ ਹੈ।ਆਰਥਿਕ ਅਜ਼ਾਦੀ ਤੋਂ ਬਿਨ੍ਹਾਂ ਭਾਰਤੀ ਔਰਤ ਕਿਸੇ ਵੀ ਪੱਖ ਤੋਂ ਮੁਕਤੀ ਨਹੀਂ ਪ੍ਰਾਪਤ ਕਰ ਸਕਦੀ। ਜੇਕਰ ਸੰਸਦ ਤੋਂ ਹੀ ਔਰਤਾਂ ਨਾਲ ਅਸਮਾਨਤਾ ਦੀ ਸ਼ੁਰੂਆਤ ਹੁੰਦੀ ਹੋਵੇ ਤਾਂ ਕੀ ਦੇਸ਼ ਅੱਗੇ ਵੱਧ ਸਕੇਗਾ ? ਪਰ ! ਅਫ਼ਸੋਸ ਹੈ ਕਿ ਸੰਸਦ ਲਈ ਰਾਂਖਵਾਕਰਨ ਅੰਦਰ ਹੀ ਔਰਤਾਂ ਨਾਲ ਹੋ ਰਹੀਆਂ ਅਸਮਾਨਤਾਵਾਂ ਨੂੰ ਹੋਰ ਵਧਾਉਣ ਵਿੱਚ ਹਾਕਮ ਖੁਦ ਹਿੱਸਾ ਪਾ ਰਹੇ ਹੋਣ ਦਾ ਭਾਵ ''ਕਿ ਮਰਦ ਪ੍ਰਧਾਨ ਸਮਾਜ ਦੇਸ਼ ਅੰਦਰ ਕਾਇਮ ਰਹੇ।

ਜਿੰਨੀ ਦੇਰ ਔਰਤ ਨੂੰ ਰਾਜਨੀਤਕ, ਆਰਥਿਕ, ਸਮਾਜਿਕ ਤੇ ਹੋਰ ਖੇਤਰਾਂ ਵਿੱਚ ਬਰਾਬਰਤਾ ਦੀ ਭਾਗੀਦਾਰੀ ਵਿੱਚ ਬਰਾਬਰੀ ਦੇ ਮੌਕੇ ਅਤੇ ਸ਼ਮੂਲੀਅਤ ਨਹੀਂ ਮਿਲਦੀ ਅਤੇ ਨਾਲ ਰਲਾਇਆ ਨਹੀਂ ਜਾਂਦਾ ਉਨੀ ਦੇਰ ਉਹ ਦੇਸ਼ ਤਰੱਕੀ ਨਹੀਂ ਕਰਦ ਸਕਦਾ। ਦੇਸ਼ ਦੀ ਅੱਧੀ ਅਬਾਦੀ ਔਰਤਾਂ ਦੀ ਹੋਵੇ 'ਤੇ ਸਾਡੇ ਦੇਸ਼ ਦੇ ਹਾਕਮ ਉਪਰੋਕਤ ਕੌਮੀ ਮੁੱਦਿਆਂ ਤੋਂ ਔਰਤਾਂ ਨੂੰ ਦੂਰ ਰੱਖਣ ਤਾਂ ਉਹ ਦੇਸ਼ ਕਿਵੇਂ ਤਰੱਕੀ ਕਰ ਸਕੇਗਾ ?ਇਸ ਲਈ ਔਰਤਾਂ ਨੂੰ ਖੁਦ ਜੱਥੇਬੰਦ ਹੋ ਕੇ ਆਪਣੇ ਹੱਕਾਂ-ਹਿੱਤਾਂ ਲਈ ਸੰਘਰਸ਼ਸ਼ੀਲ ਹੋਣਾ ਪਏਗਾ। ਤਾਂ ਹੀ ਉਹ ਬਰਾਬਰਤਾ ਵੱਲ ਵੱਧ ਸਕੇਗੀ 'ਤੇ ਦੇਸ਼ ਵੀ ਅੱਗੇ ਵੱਧ ਸਕੇਗਾ। ਸਿਰਫ਼ ਇਹ ਰਾਹ ਹੀ ਔਰਤਾਂ ਦੀ ਮੁਕਤੀ ਵੱਲ ਜਾਵੇਗਾ।

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# MANI GREWAL

## STANISLAUS COUNTY | DISTRICT 4
## SUPERVISOR

ਸਤ ਸ੍ਰੀ ਅਕਾਲ ਜੀ

**Stanislaus County Supervisor District-4**
ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ Business Administration ਵਿੱਚ Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ




**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**
**ਸਤ ਸ੍ਰੀ ਅਕਾਲ ਜੀ**

# ਸੈਨ ਡੀਏਗੋ ਵਿੱਚ ਇਸਲਾਮਿਕ ਸੈਂਟਰ ਵਿੱਚ ਗੋਲੀਬਾਰੀ, 3 ਮੌਤਾਂ, 2 ਹਮਲਾਵਰ ਵੀ ਮਾਰੇ ਗਏ

ਸੈਕਰਾਮੈਂਟੋ
ਹੁਸਨ ਲੜੋਆ

ਸੈਨ ਡਇਏਗੋ ਵਿੱਚ ਇਕ ਇਸਲਾਮਿਕ ਸੈਂਟਰ ਵਿੱਚ 17 ਤੇ 19 ਸਾਲ ਦੇ ਦੋ ਨੌਜਵਾਨਾਂ ਵੱਲੋ ਕੀਤੀ ਗੋਲੀਬਾਰੀ ਵਿੱਚ 3 ਵਿਅਕਤੀ ਮਾਰੇ ਗਏ। ਜਾਂਚਕਾਰ ਮਾਮਲੇ ਦੀ ਨਫਰਤੀ ਅਪਰਾਧ ਵਜੋਂ ਜਾਂਚ ਕਰ ਰਹੇ ਹਨ। ਸੂਚਨਾ ਮਿਲਣ 'ਤੇ ਪੁਲਿਸ ਮੌਕੇ ਉਪਰ ਪੁੱਜੀ ਤਾਂ ਉਸ ਨੂੰ 3 ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲੇ ਜਿਨਾਂ ਵਿੱਚ ਇਕ ਸਕਿਉਰਟੀ ਗਾਰਡ ਵੀ ਸ਼ਾਮਿਲ ਹੈ। ਸੈਨ ਡਇਏਗੋ ਪੁਲਿਸ ਮੁੱਖੀ ਸਕਾਟ ਵਾਹਲ ਨੇ ਕਿਹਾ ਹੈ ਕਿ ਗਾਰਡ ਵੱਲੋਂ ਵਿਖਾਈ ਬਹਾਦਰੀ ਕਾਰਨ ਹੋਰ ਖੂਨ ਖਰਾਬ ਹੋਣ ਤੋਂ ਬਚਾਅ ਹੋ ਗਿਆ। ਵਾਹਲ ਅਨੁਸਾਰ ਹਮਲਾਵਰ ਨੌਜਵਾਨਾਂ ਦੀਆਂ ਲਾਸ਼ਾਂ ਇਕ ਵਾਹਣ ਵਿਚੋਂ ਮਿਲੀਆਂ ਹਨ ਤੇ ਲੱਗਦਾ ਹੈ ਕਿ ਗੋਲੀਬਾਰੀ ਉਪਰੰਤ ਉਨਾਂ ਖੁਦ ਨੂੰ ਵੀ ਗੋਲੀ ਮਾਰ ਲਈ। ਇਸਲਾਮਿਕ ਸੈਂਟਰ ਦੇ ਇਮਾਮ ਟਾਹਾ ਹਸਨੇ ਨੇ ਜਾਰੀ ਇਕ ਸੰਖੇਪ ਬਿਆਨ ਵਿੱਚ ਕਿਹਾ ਹੈ ਕਿ ਘਟਨਾ ਕਾਰਨ ਦੱਖਣੀ ਕੈਲੀਫੋਰਨੀਆ ਭਾਈਚਾਰਾ ਸਦਮੇ ਵਿੱਚ ਹੈ। ਗਵਰਨਰ ਗੈਵਿਨ ਨਿਊਸੋਮ ਨੇ ਗੋਲੀਬਾਰੀ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਅਸੀਂ ਮੁਸਲਮਾਨ ਭਾਈਚਾਰੇ ਨਾਲ ਖੜੇ ਹਾਂ।

# ਸੜਕ ਹਾਦਸੇ ਵਿੱਚ ਭਾਰਤੀ ਵਿਦਿਆਰਥਣ ਦੀ ਮੌਤ

ਸੈਕਰਾਮੈਂਟੋ
ਹੁਸਨ ਲੜੋਆ

ਸੜਕ ਹਾਦਸੇ ਵਿਚ 25 ਸਾਲਾ ਇਕ ਭਾਰਤੀ ਵਿਦਿਆਰਥਣ ਦੀ ਮੌਤ ਹੋ ਜਾਣ ਦੀ ਖਬਰ ਹੈ ਜਦ ਕਿ 6 ਹੋਰ ਜ਼ਖਮੀ ਹੋ ਗਏ।

ਪੁਲਿਸ ਅਨੁਸਾਰ ਇਹ ਹਾਦਸਾ ਦੇਰ ਰਾਤ ਲੇਕ ਕਾਊਂਟੀ, ਇੰਡਿਆਨਾ ਵਿੱਚ ਕਰਾਊਨ ਪੋਆਇੰਟ ਨੇੜੇ ਇੰਟਰਸਟੇਟ 65 ਦੇ ਨਾਲ ਵਾਪਰਿਆ।

ਅਧਿਕਾਰੀਆਂ ਨੇ ਮ੍ਰਿਤਕ ਭਾਰਤੀ ਵਿਦਿਆਰਥਣ ਦੀ ਪਛਾਣ ਗਦੂਸੂ ਵਜੋਂ ਕੀਤੀ ਹੈ। ਜਾਂਚਕਾਰਾਂ ਅਨੁਸਾਰ ਲਾਲ ਰੰਗ ਦੀ ਇਕ ਮਿੰਨੀ ਵੈਨ ਵਿੱਚ 7 ਬਾਲਗ ਸਫਰ ਕਰ ਰਹੇ ਸਨ ਤੇ ਜਿਸ ਸਮੇ ਹਾਦਸਾ ਵਾਪਰਿਆ ਵੈਨ 10-15 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਬਹੁਤ ਹੌਲੀ ਚੱਲ ਰਹੀ ਸੀ। ਪਿਛੇ ਤੋਂ ਇਕ ਤੇਜ ਰਫਤਾਰ ਕਾਰ ਵੈਨ ਦੇ ਖੱਬੇ ਪਾਸੇ ਵੱਜੀ ਜਿਸ ਦੇ ਸਿੱਟੇ ਵਜੋਂ ਵੈਨ ਇਕ ਖੱਡ ਵਿੱਚ ਜਾ ਡਿੱਗੀ। ਜਾਂਚਕਾਰਾਂ ਅਨੁਸਾਰ ਮਿੰਨੀਵੈਨ ਦੀਆਂ ਕੇਵਲ ਦੋ ਹੀ ਸੀਟਾਂ ਸਨ ਤੇ ਬਾਕੀ 5 ਜਣੇ ਅੰਬਾਂ ਦੇ ਡੱਬਿਆਂ ਉਪਰ ਬੈਠੇ ਸਨ।

# ਭਾਰਤ-ਅਮਰੀਕਾ ਸਬੰਧ ਅਹਿਮ ਮੋੜ 'ਤੇ-ਅਮਰੀਕਨ ਸਾਂਸਦ

ਸੈਕਰਾਮੈਂਟੋ
ਹੁਸਨ ਲੜੋਆ

ਸੀਨੀਅਰ ਅਮਰੀਕੀ ਸੰਸਦ ਮੈਂਬਰਾਂ, ਕੂਟਨੀਤਿਕਾਂ ਤੇ ਨੀਤੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ-ਅਮਰੀਕਾ ਸਬੰਧ ਅਹਿਮ ਮੋੜ 'ਤੇ ਹਨ ਤੇ ਉਹ ਦੋਨਾਂ ਦੇਸ਼ਾਂ ਵਿਚਾਲੇ ਰਖਿਆ, ਤਕਨੀਕ ਤੇ ਆਰਥਕ ਖੇਤਰ ਵਿੱਚ ਮਜਬੂਤ ਸਬੰਧਾਂ ਦਾ ਸਮਰਥਨ ਕਰਦੇ ਹਨ।

ਯੂ ਐਸ-ਇੰਡਿਆ ਫਰੈਂਡਸ਼ਿੱਪ ਕੌਂਸਲ ਦੁਆਰਾ ਅਯੋਜਿਤ ਸਲਾਨਾ ਕੈਪੀਟਲ ਹਿੱਲ ਸੰਮੇਲਣ ਵਿਚ ਬੋਲਦਿਆਂ ਆਗੂਆਂ ਨੇ ਵਪਾਰ ਖੇਤਰ ਵਿੱਚ ਤਨਾਅ, ਵੀਜਾ ਪਾਬੰਦੀਆਂ ਤੇ ਰਣਨੀਤਿਕ ਬੇਯਕੀਨੀ ਉਪਰ ਚਿੰਤਾ ਪ੍ਰਗਟ ਕਰਦਿਆਂ ਜੋਰ ਦਿੱਤਾ ਕਿ ਦੁਪਾਸੜ ਸਬੰਧਾਂ ਬਾਰੇ ਭਵਿੱਖੀ ਰਣਨੀਤੀ ਨਿਗਰ ਹੋਣੀ ਚਾਹੀਦੀ ਹੈ। ਰਿਪਬਲੀਕਨ ਸੈਨੇਟਰ ਸਟੀਵ ਡੇਨਸ ਜੋ ਸੈਨਟ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਤੇ ਵਿੱਤੀ ਕਮੇਟੀ ਦਾ ਮੈਂਬਰ ਹੈ, ਨੇ ਕਿਹਾ ਕਿ ਭਾਰਤ , ਅਮਰੀਕਾ ਦਾ ਸਭ ਤੋਂ ਵਧ ਮਹੱਤਵਪੂਰਨ ਭੂ-ਰਾਜਨੀਤਿਕ ਭਾਈਵਾਲ ਹੈ ਤੇ ਦੋਨਾਂ ਦੇਸ਼ਾਂ ਵਿਚਾਲੇ ਸਬੰਧਾਂ ਵਿੱਚ ਭਰੋਸੇ ਦੀ ਲੋੜ ਹੈ।

ਉਨਾਂ ਨੇ ਅਮਰੀਕਾ ਦੇ ਸਾਬਕਾ ਵਿਦੇਸ਼ ਮੰਤਰੀ ਜਾਰਜ ਸ਼ਲਟਜ਼ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਦਿੱਲਾਂ ਵਿੱਚ ਭਰੋਸਾ ਹੁੰਦਾ ਹੈ ਤਾਂ ਸਭ ਕੁਝ ਚੰਗਾ ਵਾਪਰਦਾ ਹੈ ਤੇ ਜਦੋਂ ਦਿੱਲਾਂ ਵਿੱਚ ਭਰੋਸਾ ਨਹੀਂ ਹੁੰਦਾ ਤਾਂ ਅਜਿਹਾ ਨਹੀਂ ਹੁੰਦਾ। ਕਾਂਗਰਸ ਮੈਂਬਰ ਆਰ ਓ ਖੰਨਾ ਨੇ ਕਿਹਾ ਕਿ ਭਾਈਵਾਲੀ ਸੀਮਿਤ ਭੂ-ਰਾਜਸੀ ਹਿੱਤਾਂ ਦੀ ਬਜਾਏ ਲੋਕਤੰਤਰ ਕਦਰਾਂ -ਕੀਮਤਾਂ ਵਿਚ ਹੋਣੀ ਚਾਹੀਦੀ ਹੈ।

ਡੈਮੋਕਰੈਟਿਕ ਕਾਂਗਰਸ ਮੈਂਬਰ ਡੇਬੋਰਾਹ ਰੋਸ ਨੇ ਕਿਹਾ ਕਿ ਦੋਨਾਂ ਦੇਸ਼ਾਂ ਦੇ ਭਵਿੱਖ ਦੇ ਸਬੰਧਾਂ ਵਿਚਾਲੇ ਸਿੱਖਿਆ ਵਟਾਂਦਰੇ 'ਤੇ ਧਿਆਨ ਕੇਂਦ੍ਰਿਤ ਹੋਣਾ ਚਾਹੀਦਾ ਹੈ। ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਵਿੱਚ ਸਿੱਖਿਆ ਤੇ ਖੋਜ ਦੇ ਕੰਮ ਜਾਰੀ ਰੱਖਣੇ ਚਾਹੀਦੇ ਹਨ। ਭਾਰਤ ਦੇ ਸਾਬਕਾ ਅਮਰੀਕੀ ਰਾਜਦੂਤ ਰਿਚਰਡ ਵਰਮਾ ਨੇ ਸੁਚੇਤ ਕੀਤਾ ਕਿ ਮੌਜੂਦਾ ਤਨਾਅ ਨੇ ਦੋਨਾਂ ਦੇਸ਼ਾਂ ਦੇ ਸਬੰਧਾਂ ਵਿੱਚ ਕਮਜੋਰੀਆਂ ਨੂੰ ਉਜਾਗਰ ਕੀਤਾ ਹੈ। ਵਿਦਿਆਰਥੀ ਵੀਜਿਆਂ ਵਿਚ ਗਿਰਾਵਟ ਆਈ ਹੈ, ਭਾਰਤ ਵਿਰੋਧੀ ਜਜ਼ਬਾਤ ਪੈਦਾ ਹੋਏ ਹਨ ਤੇ ਟੈਰਿਫ ਸਬੰਧੀ ਝਗੜਾ ਪੈਦਾ ਹੋਇਆ ਹੈ। ਕਾਂਗਰਸ ਮੈਂਬਰ ਐਮੀ ਬੇਰਾ ਸਮੇਤ ਹੋਰ ਬੁਲਾਰਿਆਂ ਨੇ ਭਾਰਤ-ਅਮਰੀਕਾ ਸਬੰਧਾਂ ਦੀ ਅਹਿਮੀਅਤ ਉਪਰ ਜੋਰ ਦਿੰਦਿਆਂ ਭਵਿੱਖ ਵਿੱਚ ਸਬੰਧ ਮਜਬੂਤ ਹੋਣ ਦੀ ਆਸ ਪ੍ਰਗਟਾਈ।

# ਗਾਇਕ ਦਿਲਜੀਤ ਦੋਸਾਂਝ ਨੂੰ ਅਮਰੀਕਾ ਦੀ ਅਦਾਲਤ ਨੇ ਭੇਜੇ ਸੰਮਨ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਅਮਰੀਕਾ ਦੀ ਇੱਕ ਅਦਾਲਤ ਵੱਲੋਂ ਦਿਲਜੀਤ ਦੋਸਾਂਝ ਨੂੰ ਸੰਮਨ ਜਾਰੀ ਕੀਤੇ ਗਏ ਹਨ। ਇਸ ਮਾਮਲੇ ਵਿੱਚ ਅਮਰੀਕੀ ਟੀਵੀ ਮੇਜ਼ਬਾਨ ਝਿਮਮੇ ਫਓਲਲੋਨ ਨੂੰ ਵੀ ਤਲਬ ਕੀਤਾ ਗਿਆ ਹੈ।ਜਾਣਕਾਰੀ ਅਨੁਸਾਰ, 1984 ਦੇ ਸਿੱਖ ਦੰਗਿਆਂ ਦੇ ਪੀੜਤ ਮਹਿੰਦਰ ਸਿੰਘ ਵੱਲੋਂ ਇਹ ਸ਼ਿਕਾਇਤ ਦਰਜ ਕਰਵਾਈ ਗਈ ਹੈ। ਅਦਾਲਤ ਨੇ ਦਿਲਜੀਤ ਦੋਸਾਂਝ ਅਤੇ



ਜਿਮੀ ਫੈਲਨ ਨੂੰ 21 ਦਿਨਾਂ ਦੇ ਅੰਦਰ ਆਪਣਾ ਜਵਾਬ ਦਾਖਲ ਕਰਨ ਦੇ ਆਦੇਸ਼ ਦਿੱਤੇ ਹਨ।

ਦਰਅਸਲ ਮਹਿੰਦਰ ਸਿੰਘ ਵੱਲੋਂ ਪਾਈ ਗਈ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਦਿਲਜੀਤ ਦੋਸਾਂਝ ਨੇ ਟੀਵੀ ਸ਼ੋਅ 'ਕੌਣ ਬਣੇਗਾ ਕਰੋੜਪਤੀ' ਵਿੱਚ ਅਮਿਤਾਭ ਬੱਚਨ ਦੇ ਜਨਤਕ ਤੌਰ 'ਤੇ ਪੈਰ ਛੂਹ ਕੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੀਆਂ ਭਾਵਨਾਵਾਂ ਨੂੰ ਗੰਭੀਰ ਸੱਟ ਮਾਰੀ ਹੈ।

ਪਟੀਸ਼ਨ 'ਚ ਕਿਹਾ ਗਿਆ ਹੈ ਕਿ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਅਮਿਤਾਭ ਬੱਚਨ ਨੇ ਕਥਿਤ ਤੌਰ 'ਤੇ 'ਖ਼ੂਨ ਬਦਲੇ ਖ਼ੂਨ' ਦਾ ਨਾਅਰਾ ਦਿੱਤਾ ਸੀ, ਜਿਸ ਕਾਰਨ ਸਿੱਖਾਂ ਖ਼ਿਲਾਫ਼ ਵੱਡੇ ਪੱਧਰ 'ਤੇ ਹਿੰਸਾ ਭੜਕੀ ਸੀ।

# ਕੈਨੇਡਾ ਦੀ ਇੱਕ ਸੂਬਾਈ ਵਿਧਾਨ ਸਭਾ 'ਚ '1984 ਸਿੱਖ ਨਸਲਕੁਸ਼ੀ" ਨੂੰ ਮਾਨਤਾ ਦੇਣ ਲਈ ਮਤਾ ਪੇਸ਼

ਬ੍ਰਿਟਿਸ਼ ਕੋਲੰਬੀਆ
ਸਾਂਝੀ ਸੋਚ ਬਿਊਰੋ

ਕੈਨੇਡਾ ਦੀ ਇੱਕ ਸੂਬਾਈ ਵਿਧਾਨ ਸਭਾ 'ਚ '1984 ਸਿੱਖ ਨਸਲਕੁਸ਼ੀ" ਨੂੰ ਮਾਨਤਾ ਦੇਣ ਲਈ ਮਤਾ ਪੇਸ਼ ਕੀਤਾ ਗਿਆ ਹੈ। ਇਸ ਮਤਾ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਮਤਾ ਵਿਧਾਇਕ ਮਨਦੀਪ ਸਿੰਘ ਧਾਲੀਵਾਲ ਵੱਲੋਂ ਪੇਸ਼ ਕੀਤਾ ਗਿਆ ਹੈ। ਦੱਸ ਦਈਏ ਕਿ ਮਨਦੀਪ ਧਾਲੀਵਾਲ ਸਰੀ ਨੌਰਥ ਤੋਂ ਵਿਧਾਇਕ ਅਤੇ ਬੀਸੀ ਕੰਜ਼ਰਵੇਟਿਵ ਕਾਕਸ ਦੇ ਮੈਂਬਰ ਹਨ। ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿੱਚ ਇੱਕ ਮਤੇ ਦਾ ਨੋਟਿਸ ਦਿੱਤਾ ਹੈ ਜਿਸ ਵਿੱਚ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ "ਸਿੱਖ ਨਸਲਕੁਸ਼ੀ" ਵਜੋਂ ਰਸਮੀ ਮਾਨਤਾ ਦੇਣ ਦੀ ਮੰਗ ਕੀਤੀ ਗਈ ਹੈ।

ਵਿਧਾਇਕ ਮਨਦੀਪ ਸਿੰਘ ਧਾਲੀਵਾਲ ਵੱਲੋਂ ਇਹ ਮਤਾ 20 ਮਈ ਨੂੰ ਪੇਸ਼ ਕੀਤਾ ਗਿਆ ਸੀ। ਇਹ ਮਤਾ, 1984 ਵਿੱਚ ਭਾਰਤ ਵਿੱਚ ਸਿੱਖਾਂ ਵਿਰੁੱਧ ਹਿੰਸਾ ਦੇ ਖਿਲਾਫ ਹੈ, ਜਿਸ 'ਚ ਕਿਹਾ ਗਿਆ ਹੈ ਸਿੱਖਾਂ ਦਾ ਸਮੂਹਿਕ ਕਤਲੇਆਮ, ਘਰਾਂ, ਕਾਰੋਬਾਰਾਂ ਅਤੇ ਗੁਰਦੁਆਰਿਆਂ ਦੀ ਤਬਾਹੀ ਕੀਤੀ ਗਈ ਅਤੇ ਬਚੇ ਹੋਏ ਲੋਕ ਅਤੇ ਉਨ੍ਹਾਂ ਦੇ ਪਰਿਵਾਰ ਇੱਕ ਸਥਾਈ ਸਦਮੇ ਦਾ ਸਾਹਮਣਾ ਕਰ ਰਹੇ ਹਨ। "ਇਹ ਮਤਾ ਮਾਨਤਾ, ਯਾਦ ਅਤੇ ਇੱਕ ਅਜਿਹੇ ਭਾਈਚਾਰੇ ਨਾਲ ਖੜ੍ਹੇ ਹੋਣ ਬਾਰੇ ਹੈ ਜੋ 1984 ਦੇ ਦਰਦ ਅਤੇ ਸਦਮੇ ਨੂੰ ਸਹਿਣ ਕਰ ਰਹੇ ਹਨ।ਧਾਲੀਵਾਲ ਵੱਲੋਂ ਪ੍ਰਸਤਾਵਿਤ ਮਤੇ ਵਿੱਚ ਵਿਧਾਨ ਸਭਾ ਨੂੰ ਹਿੰਸਾ ਤੋਂ ਪ੍ਰਭਾਵਿਤ ਮਾਰੇ ਗਏ ਲੋਕਾਂ, ਬਚੇ ਹੋਏ ਲੋਕਾਂ ਅਤੇ ਪਰਿਵਾਰਾਂ ਦਾ ਸਨਮਾਨ ਕਰਨ ਦੀ ਮੰਗ ਕੀਤੀ ਗਈ ਹੈ, ਨਾਲ ਹੀ ਸਿੱਖ ਵਿਰੋਧੀ ਨਫ਼ਰਤ, ਧਾਰਮਿਕ ਅਤਿਆਚਾਰ ਅਤੇ ਨਸਲਕੁਸ਼ੀ ਤੋਂ ਇਨਕਾਰ ਵਿਰੁੱਧ ਸਿੱਖਿਆ, ਯਾਦ ਅਤੇ ਚੌਕਸੀ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਗਿਆ



ਹੈ। ਦੱਸ ਦਈਏ ਕਿ 1984 ਦੀ ਹਿੰਸਾ ਓਪਰੇਸ਼ਨ ਬਲੂ ਸਟਾਰ ਤੋਂ ਬਾਅਦ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿੱਖ ਬਾਡੀਗਾਰਡਾਂ ਦੁਆਰਾ ਕਤਲ ਕੀਤੇ ਜਾਣ ਤੋਂ ਬਾਅਦ ਹੋਈ ਸੀ। ਇਸ ਤੋਂ ਬਾਅਦ ਹਜ਼ਾਰਾਂ ਸਿੱਖ ਮਾਰੇ ਗਏ ਸਨ, ਖਾਸ ਕਰਕੇ ਦਿੱਲੀ ਵਿੱਚ, ਸਿੱਖ ਸਮੂਹਾਂ ਅਤੇ ਅਧਿਕਾਰ ਕਾਰਕੁਨਾਂ ਨੇ ਸੰਗਠਿਤ ਹਮਲਿਆਂ ਅਤੇ ਰਾਜਨੀਤਿਕ ਮਿਲੀਭੁਗਤ ਦਾ ਦੋਸ਼ ਲਗਾਇਆ ਸੀ।




CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13




ਜਿੱਥੇ ਵੱਖ-ਵੱਖ ਧਾਰਮਿਕ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਲਈ ਕਰਵਾਏ ਜਾ ਰਹੇ ਹਨ

## ਆਓ ਗੁਰਬਾਣੀ ਦੇ ਪ੍ਰਵਾਹ ਨਾਲ ਜੁੜ ਕੇ ਗੁਰੂ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ

**ਸੰਗਤ ਰੂਪੀ ਸਹਿਜ ਪਾਠ ਰੋਜ਼ਾਨਾ 9:15 ਤੋਂ 10:00 ਵਜੇ ਤੱਕ**

### ਕਥਾ ਕੀਰਤਨ ਤੇ ਗੁਰਮਤਿ ਵਿਚਾਰ


ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਵਲੋਂ 11 ਮਈ ਤੋਂ 17 ਮਈ ਸੋਮਵਾਰ ਤੋਂ ਸ਼ਨੀਵਾਰ ਤੱਕ ਸ਼ਾਮ 7:30 ਤੋਂ 8:45 ਵਜੇ ਤੱਕ ਐਤਵਾਰ ਦੁਪਹਿਰ 12:15 ਤੋਂ 1:30 ਵਜੇ ਤੱਕ ਕੀਤਾ ਜਾਵੇਗਾ

**- ਜੇਠ ਮਹੀਨੇ ਦੀ ਸੰਗਰਾਂਦ 15 ਮਈ ਨੂੰ ਮਨਾਈ ਜਾਵੇਗੀ -**

**- ਪ੍ਰਿਥਮ ਗੱਤਕਾ ਮੁਕਾਬਲਾ 23 ਮਈ ਦਿਨ ਸ਼ਨੀਵਾਰ ਸਵੇਰੇ 8:00 ਵਜੇ ਹੋਵੇਗਾ -**


### ਗੁਰਬਾਣੀ ਕੀਰਤਨ

ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ) 27 ਮਈ ਤੋਂ 30 ਮਈ ਤੱਕ ਸ਼ਾਮ 7:30 ਤੋਂ 8:30 ਵਜੇ ਤੱਕ 31 ਮਈ ਨੂੰ ਦੁਪਹਿਰ 12:30 ਤੋਂ 1:30 ਵਜੇ ਤੱਕ ਰਸਭਿੰਨਾ ਕੀਰਤਨ ਕਰਨਗੇ













**Address : 3636 Gurdwara Ave, San Jose, CA, 95148**
**www.sanjosegurdwara.com | (408) 274-9373**

ONLY WAY TO GROW YOUR BUSINESS FASTER

# BNG

(Business Network Gateway)

We work for you to

## Boost Your Business

**VIDEO** ADVERTISEMENTS

We make professional video advertisements for your business in Punjabi, Hindi & English



**POSTERS DESIGN**

We design flyers, Posters and
Post Cards to promote your business



BUSINESS CARD **DESIGN**

WE DESIGN YOUR
BUSINESS CARD



SOCIAL MEDIA **HANDLERS**

We can manage your Business social media handlers Facebook, instagram & YouTube



24/7 TECH **SUPPORT**

We provide 24/7 tech support



For more information call
Boota Singh Basi +1 (209) 303-1260

# ਕੌਣ ਕਹੇ ਮਾਂ ਮਰ ਜਾਂਦੀ ਏ.....

# ਮਾਵਾਂ ਨੇ ਮਾਂ ਦਿਵਸ 'ਤੇ ਆਪਣੇ ਦਸਵੰਧ ਬੱਚੇ ਗੁਲਮੋਹਰ ਦੇ ਇਲਾਜ ਲਈ ਭੇਟ ਕੀਤੇ

ਕੈਲਗਰੀ
ਸਾਂਝੀ ਸੋਚ ਬਿਊਰੋ

ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਈ ਮਹੀਨੇ ਦੀ ਮੀਟਿੰਗ, 17 ਮਈ 2026 ਨੂੰ ਜੈਨਸਸ ਸੈਂਟਰ ਵਿਖੇ, ਬੜੀ ਭਰਵੀਂ ਹਾਜਰੀ ਨਾਲ ਸੰਪੰਨ ਹੋਈ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਮਾਂ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 'ਮਾਂ ਸਾਡੇ ਜੀਵਨ ਦਾ ਆਧਾਰ ਹੈ!' ਉਹਨਾਂ ਨੇ ਆਪਣੀ ਮਾਂ ਨਾਲ ਮੋਹ ਦੇ ਸਬੰਧ ਅਤੇ ਉਸੇ ਤਰ੍ਹਾਂ ਸੱਸ ਨਾਲ ਵੀ ਪਿਆਰ ਦੀਆਂ ਤੰਦਾਂ ਦੇ ਬਖਿਆਨ ਬੜੇ ਹੀ ਭਾਵੁਕ ਸ਼ਬਦਾਂ ਵਿੱਚ ਕੀਤੇ। ਸਭਾ ਦੀਆਂ ਮੈਂਬਰਾਂ ਨੂੰ ਉਨ੍ਹਾਂ ਨੇ, ਤਿੰਨ ਸਾਲ ਦੇ ਬੱਚੇ ਗੁਲਮੋਹਰ ਦੀ ਭਿਆਨਕ ਬਿਮਾਰੀ ਦੇ ਇਲਾਜ ਵਿੱਚ, ਤਿਲ ਫੁੱਲ ਹਿੱਸਾ ਪਾਉਣ ਦੀ ਅਪੀਲ ਵੀ ਕੀਤੀ।

ਸਭਾ ਦੀ ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਮੰਚ ਸੰਚਾਲਨ ਦੀ ਸੇਵਾ ਨਿਭਾਉਂਦਿਆਂ ਹੋਇਆਂ, ਸਾਰੀਆਂ ਭੈਣਾਂ ਦਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਅਸੀਂ ਜੋ ਕੁਝ ਵੀ ਹਾਂ ਆਪਣੀਆਂ ਮਾਵਾਂ ਦੀ ਬਦੌਲਤ ਹੀ ਹਾਂ। ਉਨਾਂ ਨੇ ਮਾਂ ਤੇ ਲਿਖਿਆ ਆਪਣਾ ਇੱਕ ਸ਼ਿਅਰ 'ਕੌਣ ਕਹੇ ਮਾਂ ਮਰ ਜਾਂਦੀ ਏ। ਆਪਣਾ ਆਪਾ ਅਰਪਣ ਕਰਕੇ, ਉਹ ਤਾਂ ਆਪਣੇ ਬੱਚਿਆਂ ਅੰਦਰ, ਸਭ ਕੁਝ ਆਪਣਾ ਧਰ ਜਾਂਦੀ ਏ!" ਸੁਣਾ ਕੇ ਸਭ ਨੂੰ ਵਾਰੀ ਵਾਰੀ ਮੰਚ ਤੇ ਸੱਦਾ ਦਿੱਤਾ।

ਹਰ ਵਾਰ ਦੀ ਤਰ੍ਹਾਂ ਸਭ ਤੋਂ ਪਹਿਲਾਂ ਨਵੇਂ ਆਏ ਪੰਜ ਮੈਂਬਰਾਂ ਨਾਲ ਜਾਣ ਪਛਾਣ ਕਰਾਈ ਗਈ। ਇਸ ਮਹੀਨੇ ਰਿਟਾਇਰਡ ਸਟਾਫ ਨਰਸ ਕਰਮਜੀਤ ਕੌਰ ਮੰਡੇਰ, ਕ੍ਰਿਸ਼ਨਾ ਬਾਵਾ, ਸਰਬਜੀਤ ਕੌਰ, ਬਲਵਿੰਦਰ ਕੌਰ ਜੱਸਲ ਅਤੇ ਉਨਾਂ ਦੀ ਬੇਟੀ ਸ਼ਲਿੰਦਰ ਕੌਰ (ਸ਼ਾਲਿਨੀ) ਸ਼ਾਮਲ ਹੋਏ। ਸਭ ਨੇ ਆਪਣੀ ਸੰਖੇਪ ਜਾਣਕਾਰੀ ਦਿੰਦੇ ਹੋਏ, ਆਪੋ ਆਪਣੀਆਂ ਮਾਵਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

ਰਚਨਾਵਾਂ ਦੇ ਦੌਰ ਵਿੱਚ- ਕੁਲਵੰਤ ਕੌਰ ਗਿੱਲ ਨੇ ਆਪਣੀ ਮਾਂ ਨੂੰ ਸ਼ਰਧਾਂਜਲੀ ਦਿੰਦਿਆਂ ਕੁੱਝ ਬੋਲ ਸਾਂਝੇ ਕੀਤੇ। ਇੰਦੂ ਸ਼ਰਮਾ ਨੇ ਮਾਂ ਤੇ ਲਿਖਿਆ ਇੱਕ



ਲੋਕ ਗੀਤ ਗਾ ਕੇ, ਮਾਹੌਲ ਸੁਰਮਈ ਬਣਾ ਦਿੱਤਾ। ਸੁਰਿੰਦਰ ਕੌਰ ਸੰਧੂ ਨੇ ਲੋਕ ਗੀਤ "ਨਿੰਮੜੀ ਤੇ ਚਿੜੀਆਂ ਰਹਿੰਦੀਆਂ" ਖ਼ੂਬਸੂਰਤ ਅੰਦਾਜ਼ ਵਿੱਚ ਗਾਇਆ। ਗੁਰਜੀਤ ਵੈਦਵਾਨ ਨੇ ਮਿੱਠੀ ਪਿਆਰੀ ਆਵਾਜ਼ ਵਿੱਚ "ਬਿਨ ਮਾਵਾਂ ਦੇ ਕਾਂ ਵੀ ਟੁੱਕੜ ਖੋਹ ਲੈਂਦੇ" ਗਾ ਕੇ ਮਾਂਵਾ ਨੂੰ ਯਾਦ ਕੀਤਾ। ਅਮਰਜੀਤ ਕੌਰ ਸੱਗੂ, ਜੋਗਿੰਦਰ ਕੌਰ ਪੁਰਬਾ, ਅਮਰਜੀਤ ਕੌਰ ਗਰੇਵਾਲ, ਜਸਮਿੰਦਰ ਕੌਰ ਬਰਾੜ, ਅਵਤਾਰ ਕੌਰ, ਲਖਵਿੰਦਰ ਕੌਰ ਸਚਦੇਵਾ, ਸੁਰਿੰਦਰ ਪਾਲ ਕੈਂਥ ਅਤੇ ਸੁਰਜੀਤ ਢਿੱਲੋਂ ਨੇ ਵੀ ਬੋਲੀਆਂ ਅਤੇ ਲੋਕ ਗੀਤਾਂ ਰਾਹੀਂ ਮਾਵਾਂ ਨੂੰ ਸਿਜਦਾ ਕੀਤਾ। ਹਰਦੇਵ ਕੌਰ ਮਾਟਾ ਨੇ ਇੱਕ ਚੀਨੀ ਕਹਾਣੀ ਸੁਣਾ ਦਰਸਾਇਆ ਕਿ ਮਾਂ ਦੀ ਮਮਤਾ ਕੇਵਲ ਇਨਸਾਨਾਂ ਵਿੱਚ ਹੀ ਨਹੀਂ, ਸਗੋਂ ਜਾਨਵਰਾਂ ਵਿੱਚ ਵੀ ਮੌਜੂਦ ਹੈ। ਰਜਿੰਦਰ ਕੌਰ ਚੋਹਕਾ ਨੇ ਮਈ ਮਹੀਨੇ ਵਿੱਚ ਹੋਰ ਮਹੱਤਵਪੂਰਨ ਦਿਹਾੜੇ ਜਿਵੇਂ ਮਜ਼ਦੂਰ ਦਿਵਸ, ਜੱਸਾ ਸਿੰਘ ਰਾਮਗੜੀਆ ਅਤੇ ਪੱਤਰਕਾਰਤਾ ਦਿਵਸ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ। ਸਭਾ ਦੀ ਖਜ਼ਾਨਚੀ ਕਿਰਨ ਕਲਸੀ ਨੇ ਮਾਂ ਬਾਰੇ ਕਵਿਤਾ, "ਮਾਂ ਜਾਗਦੀ ਹੈ ਤਾਂ ਘਰ ਜਾਗਦਾ ਹੈ" ਸਾਂਝੀ ਕੀਤੀ। ਆਪਣੀ ਮਾਂ ਨਾਲ ਆਈ ਨੌਜਵਾਨ ਬੇਟੀ ਸ਼ਾਲਿਨੀ ਜੋ ਕਿ ਅਜੇ ਇੱਕ ਮਹੀਨਾ ਪਹਿਲਾਂ ਹੀ ਇੱਕ ਪਿਆਰੀ ਜਿਹੀ ਬੱਚੀ ਰਬਾਬ ਕੌਰ ਦੀ ਮਾਂ ਬਣੀ ਹੈ , ਉਸਨੇ ਆਪਣੀ ਬੱਚੀ ਬਾਰੇ ਬਹੁਤ ਹੀ ਕੋਮਲ ਭਾਵਾਂ ਵਾਲੀ ਕਵਿਤਾ ਸੁਣਾ ਕੇ ਮਾਂ-ਧੀ ਦੇ ਪਿਆਰ ਦਾ ਇਜ਼ਹਾਰ ਕੀਤਾ । ਪ੍ਰਿੰ. ਚਰਨਦੀਪ ਕੌਰ ਨੇ ਮਾਂ ਤੇ ਲਿਖੀ ਆਪਣੀ ਭਾਵਪੂਰਤ ਕਵਿਤਾ, "ਅਗਲੀ ਵਾਰ ਤੂੰ ਧੀ ਤੇ ਮੈਂ ਤੇਰੀ ਮਾਂ ਬਣ ਜਾਵਾਂ" ਅਤੇ ਗੁਰਦੀਸ਼ ਕੌਰ ਗਰੇਵਾਲ ਨੇ "ਮਾਂ ਹੁੰਦੀ ਮਮਤਾ ਦੀ ਮੂਰਤ" ਕਵਿਤਾ ਨਾਲ ਹਾਜ਼ਰੀ ਲਗਵਾਈ।

ਡਾਕਟਰ ਅਮਨਦੀਪ ਕੌਰ ਜੋ ਕਿ ਇੱਕ ਹੋਮ ਕੇਅਰ ਕੰਪਨੀ ਵੀ ਚਲਾਉਂਦੇ ਹਨ, ਉਚੇਚੇ ਤੌਰ ਤੇ ਇਸ ਮੀਟਿੰਗ ਵਿੱਚ ਹਾਜ਼ਰ ਹੋਏ। ਜਿੱਥੇ ਉਨ੍ਹਾਂ ਨੇ ਭਾਵੁਕ ਹੁੰਦਿਆਂ, ਆਪਣੀ ਵਿੱਛੜੀ ਮਾਂ ਨੂੰ ਯਾਦ ਕੀਤਾ, ਉਥੇ ਉਨ੍ਹਾਂ ਨੇ ਸਾਰੀਆਂ ਔਰਤਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਲਈ ਪ੍ਰੇਰਿਆ ਅਤੇ ਉਸਾਰੂ ਸੁਝਾਅ ਵੀ ਦਿੱਤੇ। ਉਨ੍ਹਾਂ ਦੱਸਿਆ ਕਿ- ਕਿਵੇਂ ਸਕਾਰਾਤਮਕ ਸੋਚ ਨਾਲ, ਤਨਾਓ ਤੋਂ ਬਚਿਆ ਜਾ ਸਕਦਾ ਹੈ ਜਦ ਕਿ ਵਾਧੂ ਦੀਆਂ ਚਿੰਤਾਵਾਂ ਸਾਡੀ ਉਮਰ ਘਟਾ ਦਿੰਦੀਆਂ ਹਨ।

ਬਾਕੀ ਭੈਣਾਂ ਨੇ ਚੰਗੇ ਸਰੋਤੇ ਹੋਣ ਦਾ ਰੋਲ ਨਿਭਾਇਆ।ਬਰੇਕ ਵਿੱਚ ਸਭ ਨੇ ਚਾਹ ਨਾਲ ਸਮੋਸੇ ਲੱਡੂ ਅਤੇ ਜਲੇਬੀਆਂ ਦਾ ਆਨੰਦ ਮਾਣਿਆ। ਅੰਤ ਤੇ ਸਭ ਭੈਣਾਂ ਨੇ ਬੱਚੇ ਗੁਲਮੋਹਰ ਦੀ ਸਿਹਤਯਾਬੀ ਲਈ ਅਰਦਾਸਾਂ ਕੀਤੀਆਂ ਅਤੇ ਦਸਵੰਧ ਵੀ ਦਿੱਤੇ।

ਇਸ ਮੌਕੇ ਸ਼ਿਵਾਲਿਕ ਟੀ ਵੀ ਚੈਨਲ ਤੋਂ ਪਰਮਜੀਤ ਸਿੰਘ ਭੰਗੂ ਅਤੇ 'ਬਾਤ ਪੰਜਾਬ ਦੀ' ਤੋਂ ਸੁਭਾਸ਼ ਸ਼ਰਮਾ ਜੀ ਨੇ ਸਾਰੇ ਪ੍ਰੋਗਰਾਮ ਦੀ ਕਵਰੇਜ ਕੀਤੀ ।

ਸਮਾਪਤੀ ਤੇ ਗੁਰਦੀਸ਼ ਕੌਰ ਗਰੇਵਾਲ ਨੇ ਸਭ ਦਾ ਧੰਨਵਾਦ ਕਰਦਿਆਂ, ਕੈਲਗਰੀ ਲੇਖਕ ਸਭਾ ਵੱਲੋਂ ਟੈਂਪਲ ਕਮਿਊਨਟੀ ਹਾਲ ਵਿੱਚ, 14 ਜੂਨ ਨੂੰ ਹੋਣ ਵਾਲੇ ਕਲਚਰਲ ਸਮਾਗਮ ਦੀ, ਅਤੇ ਪੰਜਾਬੀ ਲਿਖਾਰੀ ਸਭਾ ਵੱਲੋਂ 20 ਜੂਨ ਨੂੰ ਕਰਵਾਏ ਜਾ ਰਹੇ ਬੱਚਿਆਂ ਦੇ ਪੰਜਾਬੀ ਬੋਲਣ ਦੇ ਮੁਕਾਬਲੇ ਦੀ, ਸੂਚਨਾ ਸਾਂਝੀ ਕੀਤੀ।

# ਗੈਂਗਸਟਰਾਂ 'ਤੇ ਵਾਰ ਦਾ 122ਵਾਂ ਦਿਨ: ਪੰਜਾਬ ਪੁਲਿਸ ਵੱਲੋਂ 512 ਥਾਈਂ ਛਾਪੇਮਾਰੀ: 244 ਗ੍ਰਿਫ਼ਤਾਰ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 122ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 512 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ 122ਵੇਂ ਦਿਨ ਪੁਲਿਸ ਟੀਮਾਂ ਨੇ 244 ਵਿਅਕਤੀਆਂ ਨੂੰ ਛੇ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 31208 ਹੋ ਗਈ ਹੈ।ਇਸ ਤੋਂ ਇਲਾਵਾ 116 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 20 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਪੰਜ ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ।ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ ਨੂੰ 447ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 57 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 7.3 ਕਿਲੋ ਹੈਰੋਇਨ, 60 ਕਿਲੋ ਭੁੱਕੀ, 255 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 3050 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਦੇ ਨਾਲ ਮਹਿਜ਼ 447 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 65092 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਅੱਜ ਛੇ ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਰੀਲ ਨੇ ਉਜਾੜਿਆ ਹੱਸਦਾ-ਖੇਡਦਾ ਪਰਿਵਾਰ! ਵੀਡੀਓ ਬਣਾਉਂਦੇ ਸਮੇਂ ਪੈਰ ਫਿਸਲਣ ਨਾਲ ਨਹਿਰ 'ਚ ਡੁੱਬਿਆ ਨੌਜਵਾਨ

ਯਮੁਨਾਨਗਰ
ਸਾਂਝੀ ਸੋਚ ਬਿਊਰੋ

ਰੀਲਾਂ ਦੇ ਸ਼ੌਕ 'ਚ ਇਕ ਨੌਜਵਾਨ ਨੇ ਆਪਣੀ ਜਾਨ ਗੁਆ ਲਈ ।ਯਮੁਨਾਨਗਰ ਛਛਰੌਲੀ ਖੇਤਰ ਦੇ ਪਿੰਡ ਪਿਪਲੀ ਮਾਜਰਾ ਦੇ ਨੇੜੇ ਪੱਛਮੀ ਯਮੁਨਾ ਨਹਿਰ ਵਿੱਚ ਨਹਾਉਣ ਆਏ ਇੱਕ 23 ਸਾਲਾ ਨੌਜਵਾਨ ਦੀ ਰੀਲ ਬਣਾਉਂਦੇ ਸਮੇਂ ਪੈਰ ਫਿਸਲਣ ਕਾਰਨ ਪਾਣੀ 'ਚ ਡੁੱਬ ਜਾਣ ਨਾਲ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰਾਸ਼ਿਦ ਪੁੱਤਰ ਗੁਲਜ਼ਾਰ ਨਿਵਾਸੀ ਪਿੰਡ ਹਰਨੌਲੀ ਵਜੋਂ ਹੋਈ ਹੈ।ਘਟਨਾ ਤੋਂ ਬਾਅਦ ਮੌਕੇ 'ਤੇ ਹਫੜਾ ਦਫੜੀ ਮਚ ਗਈ। ਸੂਚਨਾ ਮਿਲਦੇ ਹੀ ਛਛਰੌਲੀ ਥਾਣਾ ਪੁਲਿਸ ਅਤੇ ਗੋਤਾਖੋਰਾਂ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਨੌਜਵਾਨ ਦੀ ਭਾਲ ਸ਼ੁਰੂ ਕੀਤੀ ਗਈ। ਕਰੀਬ ਇੱਕ ਘੰਟੇ ਦੀ ਮਸ਼ੱਕਤ ਤੋਂ ਬਾਅਦ ਨੌਜਵਾਨ ਨੂੰ ਨਹਿਰ ਵਿੱਚੋਂ ਬਾਹਰ ਕੱਢਿਆ ਗਿਆ, ਪਰ ਹਸਪਤਾਲ ਵਿੱਚ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਜਾਣਕਾਰੀ ਅਨੁਸਾਰ ਰਾਸ਼ਿਦ ਸ਼ਾਦੀਪੁਰ ਸਥਿਤ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ।ਉਹ ਆਪਣੇ ਮਾਮੇ ਅਤੇ ਮਾਸੀ ਦੇ ਪੁੱਤਰ ਨਾਲ ਅੱਜ ਪਿੰਡ ਪਿਪਲੀ ਮਾਜਰਾ ਨੇੜੇ ਪੱਛਮੀ ਯਮੁਨਾ ਨਹਿਰ ਵਿੱਚ ਨਹਾਉਣ ਲਈ ਆਇਆ ਸੀ।

ਇਸ ਦੌਰਾਨ ਉਹ ਨਹਿਰ ਦੇ ਕੰਢੇ ਖੜ੍ਹੇ ਹੋ ਕੇ ਆਪਣੇ ਮਾਮੇ ਦੇ ਮੋਬਾਈਲ ਫ਼ੋਨ ਤੋਂ ਰੀਲ ਬਣਵਾ ਰਿਹਾ ਸੀ। ਪਰ ਉਸ ਦਾ ਸੰਤੁਲਨ ਵਿਗੜ ਗਿਆ ਅਤੇ ਪੈਰ ਫਿਸਲਣ ਕਾਰਨ ਉਹ ਡੂੰਘੇ ਪਾਣੀ ਵਿੱਚ ਜਾ ਡਿੱਗਿਆ। ਰਾਸ਼ਿਦ ਨੂੰ ਡੁੱਬਦਾ ਦੇਖ ਕੇ ਉਸ ਦੇ ਨਾਲ ਮੌਜੂਦ ਲੋਕਾਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਨਹਿਰ ਵਿੱਚ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਉਹ ਦੇਖਦੇ ਹੀ ਦੇਖਦੇ ਲਾਪਤਾ ਹੋ ਗਿਆ।ਘਟਨਾ ਦੀ ਸੂਚਨਾ ਮਿਲਣ 'ਤੇ ਛਛਰੌਲੀ ਥਾਣਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਗੋਤਾਖੋਰਾਂ ਨੂੰ ਬੁਲਾ ਕੇ ਸਰਚ ਆਪਰੇਸ਼ਨ ਸ਼ੁਰੂ ਕਰਵਾਇਆ। ਗੋਤਾਖੋਰਾਂ ਨੇ ਕਰੀਬ ਇੱਕ ਘੰਟੇ ਤੱਕ ਲਗਾਤਾਰ ਸਰਚ ਅਭਿਆਨ ਚਲਾਇਆ, ਜਿਸ ਤੋਂ ਬਾਅਦ ਰਾਸ਼ਿਦ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਗਿਆ। ਗੰਭੀਰ ਹਾਲਤ ਵਿੱਚ ਉਸ ਨੂੰ ਤੁਰੰਤ ਸਿਵਲ ਹਸਪਤਾਲ



ਯਮੁਨਾਨਗਰ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ।


2026
VOTE
CHRISTINE
BISH
CONGRESS
ਇਹ ਬਦਲਾਅ ਦਾ ਸਮਾਂ ਹੈ
ਅਤੇ ਕ੍ਰਿਸਟੀਨ ਬਿਸ਼ ਹੀ ਉਹ ਨੇਤਾ ਹੈ
ਜਿਸਦੀ ਸਾਨੂੰ ਲੋੜ ਹੈ ਕ੍ਰਿਸਟੀਨ ਬਿਸ਼ ਨੂੰ ਵੋਟ ਦਿਓ
ਅਤੇ ਆਓ ਸੈਕਰਾਮੈਂਟੋ ਕਾਉਂਟੀ ਨੂੰ ਆਪਣੇ ਸਾਰਿਆਂ
ਲਈ ਇੱਕ ਬਿਹਤਰ ਜਗ੍ਹਾ ਬਣਾਈਏ।
REPUBLICAN CANDIDATE
FOR CALIFORNIA
TUESDAY
JUNE 2
2026
• Paid for by Bish for Congress FEC#C00721548
www.BishforCongress.com

ਸ਼ਸਤ੍ਰਨ ਕੇ ਅਧੀਨ ਹੈ ਰਾਜ||

# ਪ੍ਰਿਥਮ

## ਗੱਤਕਾ ਮੁਕਾਬਲਾ



SINGLE SOTI FIGHT

## MAY 23 | 8:00 AM

GURDWARA SAHIB SAN JOSE

Traditional Gatka Revival

For Experienced California Gatka Dal students

**MORE INFORMATION COMING SOON**

(209) 608-0925 @prithamgatkamukabla

# RAKHI ISRANI
## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ
## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ
## ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ।
ਰਾਖੀ ਨੇ ਇੱਕ ਈਸਟ ਬੇ ਐਜੂਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**

# ਕੇਂਦਰ ਆਰਬੀਆਈ ਦੇ ਅਸਧਾਰਨ ਲਾਭਅੰਸ਼ ਨੂੰ ਰਾਜਾਂ ਨਾਲ ਸਾਂਝਾ ਕਰੇ, ਕੇਂਦਰੀ ਬੈਂਕ ਦੀ ਸੁਤੰਤਰਤਾ ਅਤੇ ਵਿੱਤੀ ਮਜ਼ਬੂਤੀ ਦੀ ਰੱਖਿਆ ਕਰੇ: ਹਰਪਾਲ ਸਿੰਘ ਚੀਮਾ

ਧੂਲਕਾ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸ਼ੁੱਕਰਵਾਰ ਨੂੰ ਭਾਰਤ ਸਰਕਾਰ ਵੱਲੋਂ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਤੋਂ ਲਗਭਗ 2.87 ਲੱਖ ਕਰੋੜ ਦਾ ਬੇਮਿਸਾਲ ਲਾਭਅੰਸ਼ (ਡਿਵੀਡੈਂਡ) ਲੈਣ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਆਰਬੀਆਈ ਦੇ ਰਾਖਵੇਂ ਫੰਡਾਂ ਨੂੰ ਬਹੁਤ ਜ਼ਿਆਦਾ ਕੱਢਣ ਨਾਲ ਦੇਸ਼ ਦੀ ਲੰਬੇ ਸਮੇਂ ਦੀ ਆਰਥਿਕ ਲਚਕਤਾ ਕਮਜ਼ੋਰ ਹੋ ਸਕਦੀ ਹੈ ਅਤੇ ਕੇਂਦਰੀ ਬੈਂਕ ਦੀ ਮਜ਼ਬੂਤੀ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਨ੍ਹਾਂ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਕਿ ਆਰਬੀਆਈ ਨੇ ਕੇਂਦਰੀ ਬੈਂਕ ਦੀ ਲਗਭਗ 4 ਲੱਖ ਕਰੋੜ ਦੀ ਕੁੱਲ ਆਮਦਨ ਵਿੱਚੋਂ ਲਗਭਗ 2.87 ਲੱਖ ਕਰੋੜ ਕੇਂਦਰ ਸਰਕਾਰ ਨੂੰ ਤਬਦੀਲ ਕੀਤੇ ਹਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਆਰਬੀਆਈ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਕਿਸੇ ਵੀ ਸਰਕਾਰ ਨੂੰ ਕੀਤੇ ਗਏ ਸਭ ਤੋਂ ਵੱਧ ਲਾਭਅੰਸ਼ ਤਬਾਦਲਿਆਂ ਵਿੱਚੋਂ ਇੱਕ ਹੈ। ਵਿੱਤ ਮੰਤਰੀ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਆਮ ਨਾਗਰਿਕ ਪਹਿਲਾਂ ਹੀ ਤੇਲ ਦੀਆਂ ਉੱਚੀਆਂ ਕੀਮਤਾਂ, ਮਹਿੰਗਾਈ ਦੇ ਦਬਾਅ ਅਤੇ ਕਿਫਾਇਤੀ ਵਰਤਣ ਦੀਆਂ ਵਾਰ-ਵਾਰ ਕੀਤੀਆਂ ਜਾ ਰਹੀਆਂ ਅਪੀਲਾਂ ਦੇ ਬੋਝ ਦਾ ਸਾਹਮਣਾ ਕਰ ਰਹੇ ਹਨ, ਇਹ ਅਸਧਾਰਨ ਤਬਾਦਲਾ ਤਿੰਨ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾ, ਅਜਿਹੇ ਅਚਨਚੇਤ ਮੁਨਾਫ਼ਿਆਂ ਨੂੰ ਵਰਤਮਾਨ ਵਿੱਚ ਰਾਜਾਂ ਨਾਲ ਸਾਂਝੇ ਕੀਤੇ ਜਾਣ ਵਾਲੇ ਟੈਕਸਾਂ ਦੇ ਵੰਡਣਯੋਗ ਪੂਲ ਤੋਂ ਬਾਹਰ ਰੱਖਿਆ ਗਿਆ ਹੈ। ਜੇਕਰ ਕੇਂਦਰ ਸਰਕਾਰ ਗਲੋਬਲ ਅਨਿਸ਼ਚਿਤਤਾਵਾਂ ਅਤੇ ਸਪਲਾਈ ਦੇ ਝਟਕਿਆਂ ਕਾਰਨ ਆਰਥਿਕ ਦਬਾਅ ਦਾ ਸਾਹਮਣਾ ਕਰ ਰਹੀ ਹੈ, ਤਾਂ ਰਾਜ ਵੀ ਇਨ੍ਹਾਂ ਹੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਸ ਕਿਸਮ ਦੇ ਅਸਧਾਰਨ ਮੁਨਾਫ਼ਿਆਂ ਨੂੰ ਸਹਿਕਾਰੀ ਸੰਘਵਾਦ ਅਤੇ ਵਿੱਤੀ ਨਿਰਪੱਖਤਾ ਦੀ ਭਾਵਨਾ ਨਾਲ ਰਾਜਾਂ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਕੇਂਦਰੀ ਬੈਂਕ ਦੀ ਵਿੱਤੀ ਮਜ਼ਬੂਤੀ 'ਤੇ ਪੈਣ ਵਾਲੇ ਪ੍ਰਭਾਵ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜਿੱਥੇ ਵਿੱਤੀ ਘਾਟੇ ਨੂੰ ਘਟਾਉਣਾ ਮਹੱਤਵਪੂਰਨ ਹੈ, ਉੱਥੇ ਇਹ ਭਾਰਤੀ ਰਿਜ਼ਰਵ ਬੈਂਕ ਦੀ ਵਿੱਤੀ ਮਜ਼ਬੂਤੀ ਅਤੇ ਸੰਸਥਾਗਤ ਤਾਕਤ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ। ਆਰਬੀਆਈ ਸੰਕਟ ਦੇ ਸਮੇਂ ਦੇਸ਼ ਦੇ ਆਰਥਿਕ ਸਦਮਾ ਸੋਖਕ (ਸ਼ੌਕ ਐਬਜ਼ੋਰਬਰ) ਅਤੇ ਮੁਦਰਾ ਸਥਿਰਤਾ ਵਜੋਂ ਕੰਮ ਕਰਦਾ ਹੈ। ਰਾਖਵੇਂ ਫੰਡਾਂ ਨੂੰ ਬਹੁਤ ਜ਼ਿਆਦਾ ਕੱਢਣ ਨਾਲ ਦੇਸ਼ ਦੀ ਲੰਬੇ ਸਮੇਂ ਦੀ ਲਚਕਤਾ ਅਤੇ ਆਰਥਿਕ ਪ੍ਰਤੀਰੋਧਕ ਸਮਰੱਥਾ ਕਮਜ਼ੋਰ ਹੋ ਸਕਦੀ ਹੈ। ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ ਕਿ ਅਜਿਹੇ ਸਮੇਂ ਜਦੋਂ ਕਰੰਸੀ ਅਤੇ ਗਲੋਬਲ ਵਿੱਤੀ ਮਾਹੌਲ ਦਬਾਅ ਹੇਠ ਹਨ, ਆਰਬੀਆਈ ਨੂੰ ਆਦਰਸ਼ਕ ਤੌਰ 'ਤੇ ਆਪਣੇ ਕੋਲ ਇੱਕ ਮਜ਼ਬੂਤ ਵਿੱਤੀ ਬਫਰ ਰੱਖਣਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਵਿੱਤੀ ਸਥਿਰਤਾ ਦੀ ਰੱਖਿਆ ਲਈ ਕੇਂਦਰੀ ਬੈਂਕ ਨੂੰ ਲੋੜੀਂਦੇ ਰਾਖਵੇਂ ਫੰਡ ਅਤੇ ਨੀਤੀਗਤ ਲਚਕਤਾ ਬਣਾਈ ਰੱਖਣੀ ਚਾਹੀਦੀ ਹੈ। ਆਰਬੀਆਈ ਦੀ ਲੀਡਰਸ਼ਿਪ ਨੂੰ ਸੰਸਥਾ ਦੀ ਖੁਦਮੁਖਤਿਆਰੀ ਅਤੇ ਭਰੋਸੇਯੋਗਤਾ ਦੀ ਰੱਖਿਆ ਕਰਨ ਦੀ ਅਪੀਲ ਕਰਦੇ ਹੋਏ, ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਮੈਂ ਆਰਬੀਆਈ ਦੇ ਗਵਰਨਰ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕਰਦਾ ਹਾਂ ਕਿ ਭਾਰਤੀ ਰਿਜ਼ਰਵ ਬੈਂਕ ਦੀ ਸੰਸਥਾਗਤ ਸੁਤੰਤਰਤਾ, ਮਜ਼ਬੂਤੀ ਅਤੇ ਲੰਬੇ ਸਮੇਂ ਦੀ ਭਰੋਸੇਯੋਗਤਾ ਸਰਵਉੱਚ ਰਹੇ। ਭਾਰਤ ਇੱਕ ਕਮਜ਼ੋਰ ਕੇਂਦਰੀ ਬੈਂਕ ਦੇ ਨਾਲ ਇੱਕ ਮਜ਼ਬੂਤ ਅਤੇ ਲਚਕਦਾਰ ਅਰਥਚਾਰੇ ਦੇ ਨਿਰਮਾਣ ਦੀ ਇੱਛਾ ਨਹੀਂ ਰੱਖ ਸਕਦਾ।"

# ਭਗਵੰਤ ਸਿੰਘ ਮਾਨ ਵੱਲੋਂ ਅਹਿਮ ਫੈਸਲਾ; ਅੱਤ ਦੀ ਗਰਮੀ ਤੋਂ ਲੋਕਾਂ ਨੂੰ ਬਚਾਉਣ ਲਈ ਸਰਕਾਰੀ ਦਫ਼ਤਰਾਂ, ਸਕੂਲਾਂ ਤੇ ਕਾਲਜਾਂ ਦਾ ਸਮਾਂ ਸਵੇਰੇ 7:30 ਵਜੇ ਕੀਤਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਭਿਆਨਕ ਗਰਮੀ ਦੇ ਮੱਦੇਨਜ਼ਰ ਲੋਕਾਂ ਨੂੰ ਰਾਹਤ ਦੇਣ ਦੇ ਉਦੇਸ਼ ਨਾਲ ਅਹਿਮ ਫੈਸਲਾ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ, ਸਕੂਲਾਂ ਅਤੇ ਕਾਲਜਾਂ ਦਾ ਸਮਾਂ ਬਦਲਣ ਦਾ ਐਲਾਨ ਕੀਤਾ ਹੈ। ਵਡੇਰੇ ਜਨਤਕ ਹਿੱਤ ਵਿੱਚ ਨਵੇਂ ਸਮੇਂ ਮੁਤਾਬਕ ਕੰਮਕਾਜ ਦਾ ਸਮਾਂ ਮੌਜੂਦਾ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਦੀ ਬਜਾਏ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਹੋਵੇਗਾ। ਇਸ ਫੈਸਲੇ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਬਦਲਿਆ ਹੋਇਆ ਸਮਾਂ 25 ਮਈ ਤੋਂ ਲਾਗੂ ਹੋਵੇਗਾ ਅਤੇ ਅਗਲੇ ਹੁਕਮਾਂ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ, "ਇਹ ਫੈਸਲਾ ਆਮ ਲੋਕਾਂ ਦੀ ਸਹੂਲਤ ਲਈ ਲਿਆ ਗਿਆ ਹੈ ਤਾਂ ਜੋ ਉਹ ਪੂਰੇ ਪੰਜਾਬ ਵਿੱਚ ਪੈ ਰਹੀ ਅੱਤ ਦੀ ਗਰਮੀ ਦੌਰਾਨ ਸਰਕਾਰੀ ਦਫ਼ਤਰਾਂ ਵਿੱਚ ਆਸਾਨੀ ਨਾਲ ਆਪਣੇ ਕੰਮ ਕਰਵਾ ਸਕਣ। ਹਰ ਕਿਸੇ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਬਦਲੇ ਹੋਏ ਸਮੇਂ



ਨਾਲ ਲੋਕ ਆਪਣੇ ਕੰਮ ਤੋਂ ਛੁੱਟੀ ਲਏ ਬਿਨਾਂ ਸਵੇਰੇ-ਸਵੇਰੇ ਆਪਣੇ ਸਰਕਾਰੀ ਕੰਮ ਪੂਰੇ ਕਰ ਸਕਣਗੇ। ਉਨ੍ਹਾਂ ਕਿਹਾ, "ਇਸ ਕਦਮ ਨਾਲ ਮੁਲਾਜ਼ਮਾਂ ਨੂੰ ਵੀ ਵੱਡਾ ਫਾਇਦਾ ਹੋਵੇਗਾ, ਕਿਉਂਕਿ ਉਹ ਦਿਨ ਵੇਲੇ ਤਾਪਮਾਨ ਵਧਣ ਤੋਂ ਪਹਿਲਾਂ ਆਪਣੀ ਡਿਊਟੀ ਖ਼ਤਮ ਕਰ ਸਕਣਗੇ।" ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਹੁਣ ਮੁਲਾਜ਼ਮਾਂ ਨੂੰ ਆਪਣੇ ਬੱਚਿਆਂ ਨਾਲ ਬਿਤਾਉਣ ਲਈ ਵਧੇਰੇ ਸਮਾਂ ਮਿਲੇਗਾ, ਜੋ ਕਿ ਸਕੂਲਾਂ ਅਤੇ ਕਾਲਜਾਂ ਦੇ ਬਦਲੇ ਹੋਏ ਸਮੇਂ ਕਾਰਨ ਲਗਭਗ ਉਸੇ ਸਮੇਂ ਘਰ ਪਰਤਣਗੇ। ਉਨ੍ਹਾਂ ਕਿਹਾ, "ਇਹ ਫੈਸਲਾ ਪੰਜਾਬ ਸਰਕਾਰ ਦੀ ਲੋਕ-ਪੱਖੀ ਪਹੁੰਚ ਅਤੇ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨੂੰ ਬਿਹਤਰ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਹ ਨਵਾਂ ਸਮਾਂ ਸੂਬੇ ਭਰ ਦੇ ਸਕੂਲਾਂ ਤੇ ਕਾਲਜਾਂ ਦੇ ਨਾਲ-ਨਾਲ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾਂ 'ਤੇ ਲਾਗੂ ਹੋਵੇਗਾ। ਉਨ੍ਹਾਂ ਅੱਗੇ ਕਿਹਾ, "ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਦੇ ਅੰਕੜਿਆਂ ਅਨੁਸਾਰ ਬਿਜਲੀ ਦਾ ਪੀਕ ਲੋਡ ਦੁਪਹਿਰ 1:00 ਵਜੇ ਤੋਂ ਬਾਅਦ ਸ਼ੁਰੂ ਹੁੰਦਾ ਹੈ, ਇਸ ਲਈ ਦਫ਼ਤਰਾਂ ਦਾ ਨਵਾਂ ਸਮਾਂ ਬਿਜਲੀ ਦੀ ਖਪਤ ਨੂੰ ਘਟਾਉਣ ਅਤੇ ਬਿਜਲੀ ਦੇ ਬੁਨਿਆਦੀ ਢਾਂਚੇ 'ਤੇ ਦਬਾਅ ਨੂੰ ਘੱਟ ਕਰਨ ਵਿੱਚ ਵੀ ਮਦਦ ਕਰੇਗਾ।" ਸਮਾਜ ਦੇ ਹਰ ਵਰਗ ਦੀ ਭਲਾਈ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਜਨਤਕ ਸਹੂਲਤਾਂ ਦੀ ਰਾਖੀ ਅਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਡਾ. ਰਾਜ ਕੁਮਾਰ ਚੱਬੇਵਾਲ ਫਗਵਾੜਾ ਵਿਧਾਨ ਸਭਾ ਹਲਕੇ ਲਈ 'ਆਪ' ਦੇ ਹਲਕਾ ਇੰਚਾਰਜ ਨਿਯੁਕਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਨੇ ਸ਼ੁੱਕਰਵਾਰ ਨੂੰ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੂੰ ਪੰਜਾਬ ਦੇ ਫਗਵਾੜਾ ਵਿਧਾਨ ਸਭਾ ਹਲਕੇ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ ਹੈ। ਇਹ ਐਲਾਨ 'ਆਪ' ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਅਤੇ ਸੂਬਾ ਪ੍ਰਧਾਨ ਅਮਨ ਅਰੋੜਾ ਦੁਆਰਾ ਦਸਤਖਤ ਕੀਤੇ ਗਏ ਇੱਕ ਅਧਿਕਾਰਤ ਆਦੇਸ਼ ਰਾਹੀਂ ਕੀਤਾ ਗਿਆ। ਡਾ. ਰਾਜ ਕੁਮਾਰ ਚੱਬੇਵਾਲ ਨੂੰ ਉਨ੍ਹਾਂ ਦੀ ਨਿਯੁਕਤੀ 'ਤੇ ਵਧਾਈ ਦਿੰਦੇ ਹੋਏ, ਪਾਰਟੀ ਲੀਡਰਸ਼ਿਪ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਹਲਕੇ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਲੋਕਾਂ ਅਤੇ ਸੰਗਠਨ ਦੀ ਭਲਾਈ ਲਈ ਸਮਰਪਿਤ ਹੋ ਕੇ ਕੰਮ ਕਰਦੇ ਰਹਿਣਗੇ।



# ਵੜਿੰਗ ਦਾ ਬਿੱਟੂ ਨੂੰ ਸਵਾਲ: ਜੇਕਰ ਤੁਸੀਂ ਮਾਨ ਨੂੰ ਆਈਐਸਆਈ ਏਜੰਟ ਜਾਣਦੇ ਹੋ, ਤਾਂ ਕਾਰਵਾਈ ਕਿਉਂ ਨਹੀਂ ਕਰਦੇ?

ਲੁਧਿਆਣਾ
ਸਾਂਝੀ ਸੋਚ ਬਿਊਰੋ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਪੁੱਛਿਆ ਹੈ ਕਿ ਜੇਕਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਚਮੁੱਚ ਆਈਐਸਆਈ ਦੇ ਏਜੰਟ ਹਨ, ਤਾਂ ਉਨ੍ਹਾਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ। ਵੜਿੰਗ ਨੇ ਬਿੱਟੂ ਵੱਲੋਂ ਮਾਨ ਨੂੰ ਆਈਐਸਆਈ ਏਜੰਟ ਦੱਸਣ ਵਾਲੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ, ਕਿਹਾ ਕਿ ਉਹ (ਬਿੱਟੂ) ਖੁਦ ਕੇਂਦਰ ਸਰਕਾਰ ਦਾ ਹਿੱਸਾ ਹਨ। ਉਨ੍ਹਾਂ ਨੇ ਪੁੱਛਿਆ ਕਿ ਜੇਕਰ ਤੁਹਾਡੇ ਕੋਲ ਮਾਨ ਦੇ ਆਈਐਸਆਈ ਏਜੰਟ ਹੋਣ ਬਾਰੇ ਕੋਈ ਜਾਣਕਾਰੀ ਹੈ, ਤਾਂ ਤੁਸੀਂ ਕੇਂਦਰੀ ਗ੍ਰਹਿ ਮੰਤਰੀ ਨੂੰ ਜਾਂਚ ਬਿਠਾਉਣ ਲਈ ਕਿਉਂ ਨਹੀਂ ਕਹਿੰਦੇ? ਨਹੀਂ ਤਾਂ, ਪੰਜਾਬ ਦੇ ਮੁੱਖ ਮੰਤਰੀ ਨਾਲ ਇਹ ਦੋਸਤਾਨਾ ਮੈਚ ਖੇਡਣੇ ਬੰਦ ਕਰੋ। ਉਨ੍ਹਾਂ ਨੇ ਦੁਹਰਾਇਆ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਕਾਰ ਕੋਈ ਗੁਪਤ ਸਮਝੌਤਾ ਹੈ ਅਤੇ ਦੋਵੇਂ ਪਾਰਟੀਆਂ ਇੱਕ ਦੂਜੇ 'ਤੇ "ਫ੍ਰੈਂਡਲੀ ਫਾਇਰ" ਕਰ ਰਹੀਆਂ ਹਨ ਲ, ਤਾਂ ਜੋ ਚਰਚਾ ਵਿੱਚ ਬਣੀਆਂ ਰਹਿਣ ਅਤੇ ਉਹਨਾਂ ਗੰਭੀਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਇਆ ਜਾ ਸਕੇ, ਜਿਨ੍ਹਾਂ ਲਈ ਦੋਵੇਂ ਸਰਕਾਰਾਂ ਜ਼ਿੰਮੇਵਾਰ ਹਨ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਮਾਨ ਨੇ ਪੰਜਾਬ ਵਿੱਚ ਹੋਏ ਬੰਬ ਧਮਾਕਿਆਂ ਵਿੱਚ ਭਾਜਪਾ ਦੀ ਸ਼ਮੂਲੀਅਤ ਦੇ ਦੋਸ਼ ਲਗਾਏ ਸਨ ਅਤੇ ਹੁਣ ਬਿੱਟੂ ਮਾਨ ਨੂੰ ਆਈਐਸਆਈ ਏਜੰਟ ਦੱਸ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਸ ਵੇਲੇ ਵੀ ਕਾਂਗਰਸ ਨੇ ਮਾਨ ਨੂੰ ਪੁੱਛਿਆ ਸੀ ਕਿ ਜੇਕਰ ਉਨ੍ਹਾਂ ਕੋਲ ਸੂਬੇ ਵਿੱਚ ਬੰਬ ਧਮਾਕਿਆਂ ਵਿੱਚ ਭਾਜਪਾ ਦੀ ਭੂਮਿਕਾ ਬਾਰੇ ਜਾਣਕਾਰੀ ਸੀ, ਤਾਂ ਕਾਰਵਾਈ ਕਿਉਂ ਨਹੀਂ ਕੀਤੀ ਗਈ, ਪਰ ਕੁਝ ਵੀ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਵਿੱਚ ਇਹ ਧਾਰਨਾ ਹੋਰ ਮਜ਼ਬੂਤ ਹੋਈ ਹੈ ਕਿ ਭਾਜਪਾ ਨਾਲ ਫਰੈਂਡਲੀ ਮੈਚ ਖੇਡ ਰਹੇ ਹਨ।


2026
VOTE
CHRISTINE
BISH
CONGRESS
It's time for a change, and Christine Bish is the leader we need.
VOTE for Christine Bish and let's make Sacramento County a better place for all of us.
REPUBLICAN CANDIDATE
FOR CALIFORNIA
TUESDAY
JUNE 2
2026
• Paid for by Bish for Congress FEC#C00721548
www.BishforCongress.com


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st May
Sunday
Red Carpet 02:00 pm
Show Time 03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਸਾਂਝੀ ਸੋਚ
ਸਰਬਜੀਤ ਸਿੰਘ
ਜਰਮਨੀ

# ਇਥੇ ਤਾਂ ਪੰਜਾਬੀ ਭੁੱਖੇ ਮਰਦੇ ਆ !

ਹਰ ਪਰਿਵਾਰ, ਹਰ ਘਰ, ਹਰ ਪਿੰਡ, ਹਰ ਸ਼ਹਿਰ, ਹਰ ਦੇਸ਼ ਅਤੇ ਹਰ ਕੌਮ ਵਿੱਚ ਚੰਗੇ ਅਤੇ ਮਾੜੇ ਲੋਕ ਹੁੰਦੇ ਹਨ। ਚੰਗੇ ਲੋਕ ਬੁਰਾਈ ਨਹੀਂ ਹਰ ਥਾਂ ਚੰਗਿਆਈ ਦੇਖ ਕੇ ਚੰਗਿਆਈ ਨੂੰ ਸਲਾਹਦੇ ਹਨ ਜਦ ਕਿ ਮਾੜੀ ਸੋਚ ਵਾਲੇ ਲੋਕ ਆਪਣੇ ਸਵਾਰਥ ਲਈ ਹਰ ਗੱਲ ਨੂੰ ਨਿੰਦ ਦੇ ਹਨ ਭਾਵ ਮਾੜੀ ਪੇਸ਼ਕਾਰੀ ਕਰਦੇ ਹਨ। ਅਸੀਂ ਪੰਜਾਬ ਨੂੰ ਛੱਕ ਕੇ ਪਰਦੇਸਾਂ ਵਿੱਚ ਆਪਣੀ ਲੋੜ ਲਈ ਆਏ ਹਾਂ। ਪੰਜਾਬ ਸਾਡੇ ਗੁਰੂਆਂ ਪੀਰਾਂ ਦੀ ਧਰਤੀ ਹੈ ਤੇ ਉਸ ਦੀ ਮਿੱਟੀ ਵਿੱਚ ਉਹ ਮੋਹ ਪਿਆਰ ਹੈ ਜੋ ਸਾਨੂੰ ਹਰ ਵਕਤ ਆਪਣੇ ਵੱਲ ਨੂੰ ਖਿੱਚਦਾ ਹੈ। ਬਾਕੀ ਜਿੱਥੇ ਸਾਡਾ ਦਾਣਾ ਪਾਣੀ ਲਿਖਿਆ ਹੁੰਦਾ ਸਾਨੂੰ ਉਸ ਥਾਂ ਖਿੱਚ ਲਿਆਉਂਦਾ ਹੈ। ਸਾਨੂੰ ਪੰਜਾਬੀਆਂ ਨੂੰ ਸਾਡੇ ਗੁਰੂ ਸਾਹਿਬਾਨਾਂ ਨੇ ਇੱਕ ਵੱਖਰੀ ਪਹਿਚਾਣ ਤੇ ਵੱਖਰੀ ਤਾਕਤ ਦਿੱਤੀ ਹੈ ਜਿਸ ਨਾਲ ਅਸੀਂ ਜਿੱਥੇ ਵੀ ਜਾਂਦੇ ਹਾਂ ਉੱਥੇ ਆਪਣੀ ਮਿਹਨਤ ਨਾਲ ਆਪਣੀ ਵੱਖਰੀ ਪਹਿਚਾਣ ਕਾਇਮ ਕਰ ਲੈਂਦੇ ਹਾਂ। ਹਰ ਥਾਂ ਪੰਜਾਬੀਆਂ ਦੀ ਜਿੱਤ ਦੇ, ਆਪਸੀ ਭਾਈਚਾਰਕ ਸਾਂਝ ਦੇ ਨਿਸ਼ਾਨ ਝੂਲ ਰਹੇ ਹਨ। ਹਾਂ ਇਹ ਵੀ ਪੰਜਾਬੀਆਂ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਜਦੋਂ ਵੀ ਪੰਜਾਬੀਆਂ ਦੀ ਹਾਰ ਹੋਈ, ਜਦੋਂ ਵੀ ਪੰਜਾਬੀਆਂ ਨਾਲ ਧੱਕਾ ਹੋਇਆ ਉੱਥੇ ਸਾਡੇ ਆਪਣੇ ਹੀ ਪੰਜਾਬੀ ਗ਼ੱਦਾਰਾਂ ਦੀ ਮਿਲੀ ਭੁਗਤ ਕਰਕੇ ਹੋਇਆ।

ਜਦੋਂ ਵੀ ਪੰਜਾਬ ਵਿੱਚੋਂ ਕੋਈ ਬਾਹਰ ਦੇ ਕਿਸੇ ਦੇਸ਼ ਨੂੰ ਜਾਂਦਾ ਹੈ ਤਾਂ ਉਹ ਪਹਿਲਾਂ ਤੋਂ ਉੱਥੇ ਰਹਿੰਦੇ ਆਪਣੇ ਰਿਸ਼ਤੇਦਾਰਾਂ ਜਾਂ ਮਿੱਤਰਾਂ ਦੋਸਤਾਂ ਤੋਂ ਉਸ ਦੇਸ਼ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਫੇਰ ਹੀ ਉਸ ਦੇਸ਼ ਲਈ ਉਡਾਰੀ ਮਾਰਦਾ ਹੈ। ਕਿਹੜਾ ਦੇਸ਼ ਹੈ ਜਿੱਥੇ ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਵਾਹ ਵਾਹ ਨਹੀਂ ਖੱਟੀ ? ਪੰਜਾਬੀਆਂ ਦੀ ਮਿਹਨਤ ਨੂੰ ਦੇਖ ਕੇ ਤਾਂ ਦੂਜੀਆਂ ਕੌਮਾਂ ਦੇ ਲੋਕ ਹੈਰਾਨ ਹਨ ਕਿ ਪਤਾ ਨਹੀਂ ਇਹ ਸੱਤੇ ਦਿਨ 16-16 ਘੰਟੇ ਕੰਮ ਕੀ ਖਾ ਕੇ ਕਰ ਲੈਂਦੇ ਹਨ! ਸ਼ਾਇਦ ਸਾਨੂੰ ਇਹ ਵੱਖਰੀ ਤਾਕਤ ਸਾਡੇ ਗੁਰੂ ਸਾਹਿਬਾਨਾਂ ਦੀ ਬਖਸ਼ਿਸ਼, ਕਿਰਪਾ ਹੈ।

ਜਿਵੇਂ ਪਰਿਵਾਰ ਵਿੱਚ ਇੱਕ ਜੀਅ ਜ਼ਿਆਦਾ ਮਿਹਨਤ ਕਰਦਾ ਹੈ ਜਾਂ ਕਹਿ ਲਓ ਜਿਆਦਾ ਤਾਕਤਵਰ ਹੁੰਦਾ ਹੈ ਉਹ ਪਰਿਵਾਰ ਵਿੱਚ ਸਭ ਦੀ ਮਦਦ ਕਰਦਾ ਹੈ। ਠੀਕ ਇਸੇ ਤਰ੍ਹਾਂ ਯੂਰਪੀਅਨ ਸੰਘ ਦੇ 27 ਦੇਸ਼ ਹਨ ਜੋ ਇੱਕ ਦੂਜੇ ਦੀ ਮਦਦ ਕਰਦੇ ਹਨ। ਜੇਕਰ ਤੁਹਾਡੇ ਕੋਲ ਇਹਨਾਂ 27 ਦੇਸ਼ਾਂ ਵਿੱਚੋਂ ਕਿਸੇ ਇੱਕ ਦੇਸ਼ ਦਾ ਵੀਜ਼ਾ ਹੈ ਤਾਂ ਤੁਸੀਂ ਕਨੂੰਨੀ ਤੌਰ ਤੇ ਹਵਾਈ ਜਹਾਜ਼, ਬੱਸ, ਰੇਲਗੱਡੀ ਰਾਹੀਂ ਬਾਕੀ ਦੇ 26 ਦੇਸ਼ਾਂ ਵਿੱਚ ਬਿਨਾਂ ਕਿਸੇ ਰੁਕਾਵਟ ਘੁੰਮਣ ਲਈ ਜਾ ਸਕਦੇ ਹੋ। ਹਾਂ ਜੇਕਰ ਤੁਸੀਂ ਇੱਕ ਦੇਸ਼ ਦੇ ਵੀਜ਼ੇ ਤੇ ਦੂਜੇ ਦੇਸ਼ ਵਿੱਚ ਕੰਮ ਕਰਨਾ ਚਾਹੁੰਦੇ ਹੋ ਤਾਂ ਹਰ ਦੇਸ਼ ਦੇ ਕਨੂੰਨ ਵੱਖਰੇ ਹਨ। ਜੇਕਰ ਤੁਹਾਡੇ ਕੋਲ ਇੱਕ ਦੇਸ਼ ਦਾ ਪਾਸਪੋਰਟ ਹੈ ਤਾਂ ਵੀ ਤੁਸੀਂ ਬਾਕੀ ਦੇ ਸਾਰੇ ਦੇਸ਼ਾਂ ਵਿੱਚੋ ਕਿਸੇ ਵੀ ਦੇਸ਼ ਵਿੱਚ ਕਨੂੰਨੀ ਤੌਰ ਤੇ ਰਹਿ ਸਕਦੇ ਹੋ ਤੇ ਕੰਮ ਕਰ ਸਕਦੇ ਹੋ। ਇਹ 27 ਦੇਸ਼ ਜਰਮਨੀ, ਪੁਰਤਗਾਲ, ਆਸਟ੍ਰੀਆ, ਬੈਲਜੀਅਮ, ਬੁਲਗਾਰੀਆ, ਪੋਲੈਂਡ, ਕਰੋਏਸ਼ੀਆ, ਸਪੇਨ, ਸਲੋਵੇਨੀਆ, ਸਵੀਡਨ, ਸਾਇਪ੍ਰਸ,ਚੈਕ ਗਣਰਾਜ, ਰੋਮਾਨੀਆ, ਸਲੋਵਾਕੀਆ, ਨੀਦਰਲੈਂਡ, ਡੈਨਮਾਰਕ, ਇਸਟੋਨੀਆ, ਫਿਨਲੈਂਡ, ਫਰਾਂਸ, ਗ੍ਰੀਸ, ਹੰਗਰੀ, ਆਇਰਲੈਂਡ, ਇਟਲੀ, ਲਾਤਵੀਆ, ਲਿਥੂਆਨੀਆ, ਲਕਜ਼ਮਬਰਗ, ਮਾਲਟਾ ਹਨ।

ਜਦੋਂ ਅਸੀਂ ਕਿਸੇ ਵੀ ਦੇਸ਼ ਦੀ ਆਰਥਿਕਤਾ ਅਤੇ ਸਮਾਜਿਕ ਵਿਕਾਸ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉਸ ਦੇਸ਼ ਵਿੱਚ ਰਹਿ ਰਹੇ ਲੋਕਾਂ ਤੋਂ ਨਾ ਕਿ ਇੱਕ ਤੋਂ ਸਗੋਂ ਜਿਆਦਾ ਲੋਕਾਂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ। ਗੱਲ ਕਰਦੇ ਹਾਂ ਕੁਝ ਦਿਨ ਪਹਿਲਾਂ ਇੱਕ ਵਿਹਲੜ ਪੰਜਾਬੀ ਸਫ਼ਰੀ ਜੋੜਾ ਜਿਸ ਨੂੰ ਲੋਕ ਸ਼ੋਸ਼ਲ ਮੀਡੀਆ ਤੇ ਪੁਨਜਓਬਿ ਟਰਓਵਇਲ ਚੋਪਲਏ ਦੇ ਨਾਮ ਨਾਲ ਜਾਣਦੇ ਹਨ। ਉਹਨਾਂ ਵਲੋਂ ਪੁਰਤਗਾਲ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਦੀ ਜ਼ਿੰਦਗੀ ਨੂੰ ਸਿਰਫ਼ ਕੁਝ ਮਾੜੇ ਦ੍ਰਿਸ਼ ਦਿਖਾ ਕੇ ਪੇਸ਼ ਕਰਨਾ ਸਾਰੇ ਪੰਜਾਬੀਆਂ ਨਾਲ ਨਿਆਂ ਨਹੀਂ ਹੈ। ਹਰ ਦੇਸ਼ ਵਿੱਚ ਚੰਗੇ ਤੇ ਮਾੜੇ ਹਾਲਾਤ ਹੁੰਦੇ ਹਨ, ਹਰ ਦੇਸ਼ ਵਿੱਚ ਗਰੀਬ ਤੇ ਅਮੀਰ ਲੋਕ ਹੁੰਦੇ ਹਨ। ਹਜ਼ਾਰਾਂ ਪੰਜਾਬੀ ਵੀਰ ਇੱਥੇ ਆਪਣੀ ਸਖ਼ਤ ਮਿਹਨਤ ਨਾਲ ਆਪਣਾ ਘਰ ਪਰਿਵਾਰ ਬਹੁਤ ਵਧੀਆ ਪਾਲ ਰਹੇ ਹਨ, ਬਹੁਤੇ ਪੰਜਾਬੀ ਆਪਣੇ ਵੱਡੇ ਕਾਰੋਬਾਰ ਚਲਾ ਰਹੇ ਹਨ ਅਤੇ ਆਪਣੇ ਬੱਚਿਆਂ ਦਾ ਭਵਿੱਖ ਸਵਾਰਨ ਦੇ ਨਾਲ ਨਾਲ ਪਿੱਛੇ ਪੰਜਾਬ ਵਿੱਚ ਦੂਜੇ ਲੋੜਵੰਦ ਪਰਿਵਾਰਾਂ ਦੀ ਮਦਦ ਵੀ ਕਰ ਰਹੇ ਹਨ। ਕਿਸੇ ਇੱਕ ਜਾਂ ਦੋ ਲੋਕਾਂ ਦੀ ਮੁਸ਼ਕਲ ਨੂੰ ਪੂਰੇ ਪੰਜਾਬੀ ਭਾਈਚਾਰੇ ਦੀ ਤਸਵੀਰ ਬਣਾਕੇ ਦਿਖਾਉਣਾ ਬਹੁਤ ਜ਼ਿਆਦਾ ਗਲਤ ਹੈ। ਅਸਲ ਹਕੀਕਤ ਉਹ ਲੋਕ ਜਾਣਦੇ ਹਨ ਜੋ ਸਾਲਾਂ ਤੋਂ ਪੁਰਤਗਾਲ ਵਿੱਚ ਰਹਿ ਰਹੇ ਹਨ, ਸਰਕਾਰੀ ਟੈਕਸ ਭਰਦੇ ਹਨ, ਆਪਣੀ ਇਮਾਨਦਾਰੀ, ਮਿਹਨਤ ਤੇ ਇੱਜ਼ਤ ਨਾਲ ਕੰਮ ਕਰਦੇ ਹਨ ਅਤੇ ਸਮਾਜ ਵਿੱਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ।

ਕਿਸੇ ਵੀ ਦੇਸ਼ ਦੀ ਚਮਕ ਸਿਰਫ਼ ਰਾਤ ਦੀਆਂ ਜਗਮਗਾਈਆਂ ਲਾਈਟਾਂ ਵਿੱਚ ਨਹੀਂ ਹੁੰਦੀ, ਸਗੋਂ ਉਹਨਾਂ ਪਿੱਛੇ ਉਸ ਦੇਸ਼ ਵਾਸੀਆਂ ਦੀ ਦਿਨ ਰਾਤ ਦੀ ਮਿਹਨਤ ਲੁਕੀ ਹੁੰਦੀ ਹੈ। ਮੈਨੂੰ ਇੱਥੇ ਇਹ ਲਿਖਣ ਲਈ ਕੋਈ ਵੀ ਅਚੰਭਾ ਨਹੀਂ ਲੱਗ ਰਿਹਾ ਕਿ ਅੱਜ ਪੁਰਤਗਾਲ ਦੀ ਧਰਤੀ ਤੇ ਪੰਜਾਬੀ ਸਿਰਫ਼ ਮਜ਼ਦੂਰ ਨਹੀਂ, ਸਗੋਂ ਵੱਡੇ ਕਾਰੋਬਾਰੀ, ਆਪਣੇ ਪਰਿਵਾਰਾਂ ਦੇ ਸਹਾਰੇ ਅਤੇ ਆਪਣੀ ਕੌਮ ਦੀ ਸ਼ਾਨ ਬਣ ਕੇ ਜ਼ਿੰਦਗੀ ਬਤੀਤ ਕਰ ਰਹੇ ਹਨ। ਕੁਝ ਇੱਕ ਮੁਸ਼ਕਲਾਂ ਹਰ ਦੇਸ਼ ਵਿੱਚ ਹੁੰਦੀਆਂ ਹਨ, ਪਰ ਪੰਜਾਬੀ ਹੀ ਇੱਕ ਐਸੀ ਕੌਮ ਹੈ ਜੋ ਹਨੇਰੇ ਵਿੱਚ ਵੀ ਚਾਨਣ ਲੱਭ ਲੈਣ ਦਾ ਦਮ ਰੱਖਦੀ ਹੈ।

ਸੁਣਨ ਵਿੱਚ ਆਇਆ ਹੈ ਕਿ ਇਸ ਸਰਦਾਰ ਬੰਦੇ ਨੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਵੱਸਦੇ ਵੱਡੇ ਵੱਡੇ ਕਾਰੋਬਾਰੀ ਮਾਲਕਾ ਨੂੰ ਆਪਣੀ ਮਸ਼ਹੂਰੀ ਕਰਨ ਦੀ ਪੇਸ਼ਕਸ਼ ਕੀਤੀ ਸੀ ਪਰ ਉਹਨਾਂ ਨੂੰ ਇਸ ਬੰਦੇ ਦੀ ਬਿਲਕੁਲ ਵੀ ਲੋੜ ਨਹੀਂ ਹੈ ਕਿਉਂਕਿ ਉਹਨਾਂ ਦੇ ਕਾਰੋਬਾਰ ਕਈ ਕਈ ਦਹਾਕਿਆਂ ਤੋਂ ਬਹੁਤ ਵਧੀਆ ਚੱਲ ਰਹੇ ਹਨ ਤੇ ਚੰਗਾ ਪੈਸਾ ਵੀ ਕਮਾ ਰਹੇ ਹਨ ਤੇ ਨਵੇਂ ਆਏ ਪੰਜਾਬੀਆਂ ਦੀ ਲੋੜੀਂਦੀ ਮਦਦ ਵੀ ਕਰਦੇ ਹਨ। ਦੁਨੀਆਂ ਵਿੱਚ ਵੱਸਦੇ ਸਾਰੇ ਪੰਜਾਬੀਆਂ ਨੂੰ ਮੇਰੀ ਬੇਨਤੀ ਹੈ ਕਿ ਇਸ ਇੱਕ ਵੀਡੀਓ ਨਾਲ ਪੁਰਤਗਾਲ ਵਿੱਚ ਵੱਸਦੇ ਪੂਰੇ ਪੰਜਾਬੀਆਂ ਨੂੰ ਨਾ ਤੋਲੋ,

ਕਿਉਂਕਿ ਮਿਹਨਤ ਦੀਆਂ ਅਸਲ ਕਹਾਣੀਆਂ ਤਾਂ ਉਹਨਾਂ ਚਿਹਰਿਆਂ ਤੇ ਲਿਖੀਆਂ ਹੁੰਦੀਆਂ ਹਨ ਜੋ ਹਰ ਸਵੇਰ ਮਿਹਨਤ ਨਾਲ ਆਪਣੀ ਕਿਸਮਤ ਬਦਲ ਕੇ ਦੇਰ ਰਾਤ ਘਰ ਪਰਤਦੇ ਹਨ। ਪੁਰਤਗਾਲ ਵਿੱਚ ਪੰਜਾਬੀ ਭਾਈਚਾਰਾ ਜਿਆਦਾਤਰ ਰੈਸਟੋਰੈਂਟ, ਕਰਿਆਨੇ ਦੀਆਂ ਥੋਕ ਦੀਆਂ ਦੁਕਾਨਾਂ, ਟਰਾਂਸਪੋਰਟ ਕੰਪਨੀਆਂ, ਟੈਕਸੀ, ਫਲਾਂ ਅਤੇ ਸਬਜ਼ੀਆਂ ਦੀ ਖੇਤੀ, ਕਨਸਟ੍ਰਕਸ਼ਨ ਕੰਪਨੀਆਂ, ਮਿੰਨੀ ਮਾਰਕੀਟ ਅਤੇ ਕਨਵੀਨੀਅੰਸ ਸਟੋਰ, ਸੈਲੂਨ, ਮੋਬਾਈਲ ਅਤੇ ਇਲੈਕਟ੍ਰਾਨਿਕਸ ਦੀਆਂ ਦੁਕਾਨਾਂ, ਖੇਤੀਬਾੜੀ ਅਤੇ ਛੋਟੇ ਵਪਾਰਾਂ ਵਿੱਚ ਕੰਮ ਹਨ। ਖਾਸ ਕਰਕੇ ਲਿਸਬਨ, ਪੋਰਟੋ, ਅਲਬੁਫੇਰਾ ਅਤੇ ਫਾਰੋ ਇਲਾਕਿਆਂ ਵਿੱਚ ਪੰਜਾਬੀਆਂ ਦੇ ਕਈ ਕਾਰੋਬਾਰ ਹਨ। ਪੁਰਤਗਾਲ ਵਿੱਚ ਪੰਜਾਬੀਆਂ ਦੀ ਤਰੱਕੀ ਇਸ ਗੱਲ ਦੀ ਵੀ ਗਵਾਹੀ ਭਰਦੀ ਹੈ ਕਿ ਪੰਜਾਬੀ ਭਾਈਚਾਰੇ ਕੋਲ ਆਪਣੇ ਲਈ ਸਰਕਾਰੀ ਡਾਕਟਰ ਸਾਹਿਬ ਵੀ ਪੰਜਾਬੀ ਹਨ।

ਜਿੱਥੇ ਜਿੱਥੇ ਵੀ ਪੰਜਾਬੀ ਭਾਈਚਾਰਾ ਵੱਸਦਾ ਹੈ ਉੱਥੇ ਉਹਨਾਂ ਸਖ਼ਤ ਮਿਹਨਤ ਕਰਕੇ ਜਿੱਥੇ ਆਪਣਾ ਘਰ ਪਰਿਵਾਰ ਬਣਾਇਆ ਉੱਥੇ ਸ਼ੁਕਰਾਨਾ ਕਰਨ ਤੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਦਰਸ਼ਨ ਕਰਨ ਲਈ ਗੁਰਦੁਆਰਾ ਸਾਹਿਬ ਵੀ ਬਣਾਏ। ਪੁਰਤਗਾਲ ਵਿੱਚ ਹੁਣ ਤੱਕ 6 ਪ੍ਰਸਿੱਧ ਗੁਰਦੁਆਰਾ ਸਾਹਿਬ ਖੁੱਲ ਚੁੱਕੇ ਹਨ ਜਿਹਨਾਂ ਵਿੱਚ ਆਏ ਦਿਨ ਰੌਣਕਾਂ ਵੇਖੀਆਂ ਜਾਂਦੀਆਂ ਹਨ। ਜਿਸ ਗੁਰਦੁਆਰਾ ਸਾਹਿਬ ਵਿਖੇ ਇਸ ਸਰਦਾਰ ਨੇ ਵੀਡੀਓ ਬਣਾਈ ਹੈ ਉੱਥੇ ਸੰਗਤਾਂ ਨੂੰ ਫੋਟੋ ਜਾਂ ਵੀਡੀਓ ਬਣਾਉਣ ਤੇ ਪਾਬੰਦੀ ਹੈ, ਇੱਥੋਂ ਤੱਕ ਕਿ ਗੁਰਦੁਆਰਾ ਸਾਹਿਬ ਦੇ ਬਾਹਰ ਸੜਕ ਤੇ ਜਾ ਕੇ ਜਿੱਥੇ ਪਿੱਛੇ ਕੇਵਲ ਗੁਰਦੁਆਰਾ ਸਾਹਿਬ ਦਾ ਮੁੱਖ ਦਰਵਾਜ਼ਾ ਦਿਖਾਈ ਦਿੰਦਾ ਹੈ ਖੜ ਕੇ ਫੋਟੋ ਖਿੱਚਣ ਦੀ ਵੀ ਮਨਾਹੀ ਹੈ। ਮਨਾਹੀ ਬਾਰੇ ਗੁਰਦੁਆਰਾ ਸਾਹਿਬ ਦੇ ਅੰਦਰ ਮੋਟਾ ਮੋਟਾ ਲਿਖਿਆ ਵੀ ਗਿਆ ਹੈ।

੧ ਗੁਰਦੁਆਰਾ ਸਿੱਖ ਸੰਗਤ ਸਾਹਿਬ ( ਓਡੀਵੇਲਾਸ, ਲਿਸਬਨ, ਪੁਰਤਗਾਲ)
੨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ(ਅਲਬੁਫੇਰਾ, ਪੁਰਤਗਾਲ)
੩ ਗੁਰਦੁਆਰਾ ਗੁਰੂ ਨਾਨਕ ਦਰਬਾਰ( ਬੋਵਿਸਟਾ, ਪੁਰਤਗਾਲ)
੪ ਗੁਰਦੁਆਰਾ ਸ਼੍ਰੀ ਗੁਰੂ ਰਾਮਦਾਸ ਜੀ( ਮੋਇਤਾ, ਪੁਰਤਗਾਲ)
੫ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ(ਪੋਰਟੋ, ਪੁਰਤਗਾਲ)
੬ ਗੁਰਦੁਆਰਾ ਸਿੱਖ ਸੈਂਟਰ( ਓਡੀਵੇਲਾਸ , ਲਿਸਬਨ, ਪੁਰਤਗਾਲ)

ਪੁਰਤਗਾਲ ਵਿੱਚ ਗੁਰਦੁਆਰਾ ਸਿੱਖ ਸੰਗਤ ਸਾਹਿਬ, ਲਿਸਬਨ ਪੰਜਾਬੀ ਭਾਈਚਾਰੇ ਦੀ ਕਾਰੋਬਾਰੀ ਸਾਂਝ ਦਾ ਮੁੱਖ ਕੇਂਦਰ ਵੀ ਮੰਨਿਆ ਜਾਂਦਾ ਹੈ। ਪੁਰਤਗਾਲ ਵਿੱਚ ਕੁਝ ਪੰਜਾਬੀ ਭਾਈਚਾਰੇ ਦੇ ਪੜ੍ਹੇ ਲਿਖੇ ਨੌਜਵਾਨ ਸਮਾਜਕ ਅਤੇ ਸਿੱਖਿਅਕ ਕਾਰਜਾਂ ਲਈ ਵੀ ਜਾਣੇ ਜਾਂਦੇ ਹਨ। ਉਹ ਆਪਣੇ ਪੰਜਾਬੀ ਭਾਈਚਾਰੇ ਨੂੰ ਅੱਗੇ ਲੈ ਜਾਣ ਅਤੇ ਪੰਜਾਬੀ ਨੌਜਵਾਨਾਂ ਨੂੰ ਪੜ੍ਹਾਈ ਅਤੇ ਕਾਰੋਬਾਰ ਵੱਲ ਪ੍ਰੇਰਿਤ ਕਰਨ ਦਾ ਕੰਮ ਕਰ ਰਹੇ ਹਨ। ਪੰਜਾਬੀਆਂ ਦੀ ਇੱਕ ਵੱਡੀ ਖਾਸੀਅਤ ਇਹ ਹੈ ਕਿ ਉਹ ਆਪਸੀ ਸਹਿਯੋਗ ਨਾਲ ਅੱਗੇ ਵਧਦੇ ਹਨ। ਇੱਕ ਵਿਅਕਤੀ ਦੁਕਾਨ ਜਾਂ ਕੰਪਨੀ ਖੋਲ੍ਹਦਾ ਹੈ ਤਾਂ ਬਾਅਦ ਵਿੱਚ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਵੀ ਕੰਮ ਤੇ ਲਾ ਲੈਂਦਾ ਹੈ। ਇਸ ਤਰ੍ਹਾਂ ਇੱਕੋ ਕਾਰੋਬਾਰ ਨਾਲ ਹੌਲੀ-ਹੌਲੀ ਕਈ ਪਰਿਵਾਰ ਅਮੀਰ ਅਤੇ ਸਥਾਪਿਤ ਹੋ ਜਾਂਦੇ ਹਨ।

ਅਖੀਰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਮੇਰੀ ਹੱਥ ਜੋੜ ਬੇਨਤੀ ਹੈ ਕਿ ਸ਼ੋਸ਼ਲ ਮੀਡੀਆ ਤੇ ਇਸ ਤਰ੍ਹਾਂ ਦੇ ਲੋਕਾਂ ਨੂੰ ਲਾਇਕ, ਸ਼ੇਅਰ ਜਾਂ ਟਿੱਪਣੀ ਕਰਨ ਦੀ ਥਾਂ ਰਿਪੋਰਟ ਕਰਿਆ ਕਰੋ ਤਾਂ ਜੋ ਅਸੀਂ ਦੁਨੀਆਂ ਨੂੰ ਕੁਝ ਚੰਗਾ ਸੰਦੇਸ਼ ਦੇਈਏ ਤੇ ਚੰਗੇ ਪਾਸੇ ਵੱਲ ਤੋਰੀਏ। ਸ਼ੋਸ਼ਲ ਮੀਡੀਆ ਤੇ ਪੰਜਾਬੀ ਰੀਲਾਂ ਤੇ ਬਲੋਗ ਬਣਾਉਣ ਵਾਲੇ ਕੁਝ ਇਸ ਤਰ੍ਹਾਂ ਦੇ ਗ਼ਲਤ ਲੋਕਾਂ ਕਰਕੇ ਅਸੀਂ ਨਾਮ ਨਹੀਂ ਕਮਾ ਰਹੇ ਸਗੋਂ ਬੇ-ਵਜ੍ਹਾ ਬਦਨਾਮ ਹੋ ਰਹੇ ਹਾਂ। ਇਸ ਸਰਦਾਰ ਨੇ ਪੁਰਤਗਾਲ ਦੇ ਪ੍ਰਸਿੱਧ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰੋਨਾਲਡੋ ਦਾ ਘਰ ਤਾਂ ਵੀਡੀਓ ਵਿੱਚ ਵਿਖਾਇਆ ਪਰ ਉਸੇ ਪਿੰਡ ਵਿੱਚ ਉਸ ਦੇ ਘਰ ਲਾਗੇ ਪੰਜਾਬੀ ਵੀਰ ਦੇ ਘਰ ਬਾਰੇ ਬਿਲਕੁਲ ਵੀ ਨਹੀਂ ਦੱਸਿਆ। ਕੀ ਇਹ ਗਲਤੀ ਨਹੀਂ ? ਪੁਰਤਗਾਲ ਵਿੱਚ ਰਹਿਣ ਵਾਲੇ ਸ਼ੋਸ਼ਲ ਮੀਡੀਆ ਦੇ ਨਾਮਵਰ ਲੋਕਾਂ ਨੂੰ ਵੀ ਇਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕੁੱਲ 12 ਮਿਸਲਾਂ ਸਨ, ਉਹਨਾਂ ਦੇ ਆਪਸੀ ਵਿਚਾਰ ਭਿੰਨ ਹੋਣ ਕਰਕੇ ਹਮੇਸ਼ਾ ਲੜਦੇ ਰਹਿੰਦੇ ਪਰ ਜਦੋਂ ਗੱਲ ਆਪਣੀ ਕੌਮ ਤੇ ਦੇਸ਼ ਦੀ ਆਉਂਦੀ ਤਾਂ ਇਕੱਠੇ ਹੋ ਕੇ ਸਾਹਮਣਾ ਕਰਦੇ ਸਨ। ਪੁਰਤਗਾਲ ਦੇ ਸਾਰੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਵੀ ਇਸ ਬਾਰੇ ਸਾਂਝਾ ਵਿਚਾਰ ਕਰਕੇ ਕੋਈ ਨਿਰਣਾ ਜਰੂਰ ਲੈਣਾ ਚਾਹੀਦਾ ਹੈ।

ਯੂਰਪ ਦੇ ਕਈ ਦੇਸ਼ਾਂ ਤੋਂ ਨੌਜਵਾਨ ਪੁਰਤਗਾਲ ਵਿੱਚ ਕਨੂੰਨੀ ਪੇਪਰ ਲੈ ਕੇ ਕੰਮ ਕਰਦੇ ਹਨ। ਜੇਕਰ ਇਹ ਵੀਡੀਓ ਪੁਰਤਗਾਲ ਦੇ ਕਿਸੇ ਸਰਕਾਰੀ ਅਦਾਰੇ ਵਿੱਚ ਪਹੁੰਚੀ ਤਾਂ ਹੋ ਸਕਦਾ ਸਰਕਾਰ ਚੁਕੰਨੀ ਹੋ ਜਾਵੇ ਤੇ ਸਾਡੇ ਪੰਜਾਬੀ ਭਾਈਚਾਰੇ ਲਈ ਸਮੱਸਿਆ ਖੜ੍ਹੀਆਂ ਕਰੇ।

ਕਦੇ ਵੀ ਕਿਸੇ ਦੇਸ਼ ਨੂੰ ਇਸ ਤਰ੍ਹਾਂ ਨਿੰਦਣਾ ਨਹੀਂ ਚਾਹੀਦਾ! ਜੇਕਰ ਇਹ ਪੰਜਾਬ ਦੇ ਜਾਂ ਭਾਰਤ ਦੇ ਅਸਲ ਹਾਲਾਤ ਵੀ ਇਸ ਤਰ੍ਹਾਂ ਆਪਣੀ ਵੀਡੀਓ ਵਿੱਚ ਦਿਖਾਵੇ ਤਾਂ ਨਾਲ ਹੀ ਇਸ ਦੇ ਚੈਨਲ ਤੇ ਪਾਬੰਦੀ ਲੱਗ ਜਾਵੇਗੀ, ਇਸੇ ਕਰਕੇ ਇਹ ਆਪਣੇ ਸਵਾਰਥ ਲਈ ਦੂਜੇ ਦੇਸ਼ਾਂ ਵਿੱਚ ਜਾ ਕੇ ਪੰਜਾਬੀਆਂ ਲਈ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ।

ਅੱਜ ਇਸ ਸਰਦਾਰ ਨੇ ਪੁਰਤਗਾਲ ਦੇ ਉਸ ਗੁਰਦੁਆਰੇ ਦੇ ਲੰਗਰ ਹਾਲ ਵਿੱਚ ਖੜ੍ਹਾ ਹੋ ਕੇ ਵੀਡੀਓ ਵਿੱਚ ਕਿਹਾ "ਇੱਥੇ ਪੰਜਾਬੀ ਭੁੱਖੇ ਮਰਦੇ ਆ" ਜਿੱਥੇ ਸੰਗਤਾਂ ਦੀ ਐਨੀ ਜਿਆਦਾ ਗਿਣਤੀ ਹੁੰਦੀ ਹੈ ਕਿ ਲੰਗਰ ਛਕਣ ਲਈ ਕਤਾਰਾਂ ਵਿੱਚ ਲੱਗਣਾ ਪੈਂਦਾ ਹੈ। ਇਸ ਨੂੰ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਵੀ ਡਰ ਨਹੀਂ ਰਿਹਾ! ਅੱਜ ਇਸ ਨੇ ਪੁਰਤਗਾਲ ਦੇ ਪੰਜਾਬੀਆਂ ਦੇ ਨਾਲ ਨਾਲ ਸਮੁੱਚੀ ਸਿੱਖ ਕੌਮ ਨੂੰ ਬਦਨਾਮ ਕੀਤਾ ਹੈ। ਕੱਲ ਨੂੰ ਇਸ ਦਾ ਨਿਸ਼ਾਨਾ ਤੁਹਾਡਾ ਘਰ, ਪਰਿਵਾਰ, ਦੇਸ਼ ਵੀ ਹੋ ਸਕਦਾ ਹੈ! ਆਸ ਕਰਦੀ ਹਾਂ ਕਿ ਤੁਸੀਂ ਚੰਗਿਆਈ ਤੇ ਸਹੀ ਦਾ ਸਾਥ ਦੇਵੋਗੇ ਤੇ ਇਸ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੋਗੇ ਜੀ। ਆਪਣੀ ਵੀਡੀਓ ਚਲਾਉਣ ਲਈ ਸ਼ਾਇਦ ਇਸ ਸਰਦਾਰ ਲਈ ਇਹ ਕਹਾਵਤ ਬਿਲਕੁਲ ਢੁਕਵੀਂ ਹੈ।

ਨਾ ਘਸੁੰਨ ਮਾਰਦਾ,
ਨਾ ਲੱਤ ਮਾਰਦਾ,
ਜਦੋਂ ਵੀ ਮਾਰਦਾ,
ਰੱਬ ਬੰਦੇ ਦੀ ਮੱਤ ਮਾਰਦਾ!

# ਆਪ ਨੇ ਸਾਈਬਰ ਅੱਤਵਾਦ ਦੇ ਇੱਕ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਪੰਜਾਬ ਪੁਲਿਸ ਦੀ ਕੀਤੀ ਸ਼ਲਾਘਾ

ਅੰਮ੍ਰਿਤਸਰ
ਧੈਰਿਆ ਮਹਿਰਾ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਪੁਲਿਸ ਵੱਲੋਂ ਸਾਈਬਰ ਅੱਤਵਾਦ ਦੇ ਇੱਕ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਪੱਛਮੀ ਬੰਗਾਲ ਤੋਂ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ 'ਤੇ ਪੰਜਾਬ ਪੁਲਿਸ ਦੀ ਸ਼ਲਾਘਾ ਕੀਤੀ।ਸ਼ੁਕਰਵਾਰ ਨੂੰ ਅੰਮ੍ਰਿਤਸਰ ਵਿਖੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ ਇਹ ਵਚਨ ਦਿੰਦੀ ਆਈ ਹੈ ਕਿ ਪੰਜਾਬ ਦੇ ਅੰਦਰ ਦਹਿਸ਼ਤ ਫੈਲਾਉਣ ਵਾਲੇ, ਗੋਲੀਬਾਰੀ ਕਰਨ ਵਾਲੇ, ਧਮਾਕੇ ਕਰਨ ਵਾਲੇ ਜਾਂ ਕਿਸੇ ਵੀ ਤਰੀਕੇ ਨਾਲ ਸੂਬੇ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।



ਉਨ੍ਹਾਂ ਦੱਸਿਆ ਕਿ ਅੱਜ ਦੇ ਦੌਰ ਵਿੱਚ ਸਾਈਬਰ ਅੱਤਵਾਦ ਇੱਕ ਨਵੀਂ ਵੱਡੀ ਚੁਣੌਤੀ ਬਣ ਕੇ ਉੱਭਰਿਆ ਹੈ, ਜਿਸ ਤਹਿਤ ਸਕੂਲਾਂ, ਕਾਲਜਾਂ ਅਤੇ ਸਰਕਾਰੀ ਇਮਾਰਤਾਂ ਨੂੰ ਬੰਬ ਧਮਾਕਿਆਂ ਦੀਆਂ ਝੂਠੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਇਸ ਚੁਣੌਤੀ ਦਾ ਡਟ ਕੇ ਮੁਕਾਬਲਾ ਕਰਦਿਆਂ ਅੰਮ੍ਰਿਤਸਰ ਪੁਲਿਸ ਦੇ ਬਹਾਦਰ ਜਵਾਨਾਂ ਨੇ ਪੱਛਮੀ ਬੰਗਾਲ ਤੋਂ ਸਾਈਬਰ ਅੱਤਵਾਦ ਦੇ ਇੱਕ ਵੱਡੇ ਨੈੱਟਵਰਕ ਦੇ ਮੁੱਖ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ।ਧਾਲੀਵਾਲ ਨੇ ਦੱਸਿਆ ਕਿ ਫੜਿਆ ਗਿਆ ਵਿਅਕਤੀ 30 ਸਾਲਾ ਨੌਜਵਾਨ ਹੈ, ਜਿਸ ਦੇ ਪਾਕਿਸਤਾਨ, ਬੰਗਲਾਦੇਸ਼ ਸਮੇਤ ਕਈ ਦੇਸ਼ਾਂ ਅਤੇ ਸੂਬਿਆਂ ਨਾਲ ਸੰਪਰਕ ਸਨ। ਇਹ ਸ਼ਖਸ ਇੱਕ ਵੱਡੇ ਗਰੋਹ ਦਾ ਹਿੱਸਾ ਸੀ, ਜੋ ਈਮੇਲਾਂ ਅਤੇ ਵਟਸਐਪ ਗਰੁੱਪਾਂ ਰਾਹੀਂ ਦਿੱਲੀ, ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਸਮੇਤ ਕਈ ਸੂਬਿਆਂ ਵਿੱਚ ਦਹਿਸ਼ਤ ਫੈਲਾਉਂਦਾ ਰਿਹਾ। ਇਹੀ ਉਹ ਵਿਅਕਤੀ ਹੈ ਜਿਸ ਨੇ ਪੰਜਾਬ ਸਕੱਤਰੇਤ, ਵਿਧਾਨ ਸਭਾ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਸਨ।ਧਾਲੀਵਾਲ ਨੇ ਸਾਫ਼ ਕਿਹਾ ਕਿ ਸਾਈਬਰ ਅੱਤਵਾਦ ਨੂੰ ਕੰਟਰੋਲ ਕਰਨਾ ਆਮ ਅੱਤਵਾਦ ਨਾਲੋਂ ਕਿਤੇ ਵੱਧ ਔਖਾ ਕੰਮ ਹੈ, ਕਿਉਂਕਿ ਅਮਰੀਕਾ, ਕੈਨੇਡਾ ਜਾਂ ਕਿਸੇ ਵੀ ਦੇਸ਼ ਵਿੱਚ ਬੈਠਾ ਵਿਅਕਤੀ ਸਾਈਬਰ ਮਾਧਿਅਮ ਰਾਹੀਂ ਧਮਕੀਆਂ ਦੇ ਸਕਦਾ ਹੈ। ਇਸ ਦੇ ਬਾਵਜੂਦ ਪੰਜਾਬ ਪੁਲਿਸ ਨੇ ਇਸ ਚੁਣੌਤੀ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ।ਉਨ੍ਹਾਂ ਪੰਜਾਬ ਅਤੇ ਅੰਮ੍ਰਿਤਸਰ ਵਾਸੀਆਂ ਨੂੰ ਸੁਨੇਹਾ ਦਿੱਤਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ। ਆਪ ਸਰਕਾਰ ਹਰ ਵਿਅਕਤੀ ਦੀ ਹਿਫਾਜ਼ਤ ਕਰਨ ਲਈ ਵਚਨਵੱਧ ਹੈ।

ਨਸ਼ਿਆਂ ਖਿਲਾਫ਼ ਜਾਰੀ ਮੁਹਿੰਮ ਦਾ ਜ਼ਿਕਰ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਨੇ ਵੱਡੇ ਤੋਂ ਵੱਡੇ ਸਮੱਗਲਰਾਂ ਨੂੰ ਸਲਾਖਾਂ ਪਿੱਛੇ ਕੀਤਾ ਹੈ, ਜੋ ਪਹਿਲਾਂ ਕਿਸੇ ਸਰਕਾਰਾਂ ਦੇ ਸਮੇਂ ਨਹੀਂ ਹੋਇਆ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਦੀ 332 ਕਿਲੋਮੀਟਰ ਲੰਬੀ ਸਰਹੱਦ 'ਤੇ ਤੈਨਾਤ ਬੀਐਸਐਫ ਜਵਾਨਾਂ ਨੂੰ ਆਧੁਨਿਕ ਡਰੋਨ-ਰੋਧੀ ਤਕਨੀਕ ਅਤੇ ਹਥਿਆਰ ਮੁਹੱਈਆ ਕਰਵਾਏ ਜਾਣ, ਜੋ ਹੁਣ ਤੱਕ ਨਹੀਂ ਦਿੱਤੇ ਗਏ।

## ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-


With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205



ਮੇਜਰ ਸਿੰਘ ਨਾਭਾ
946355962

# ਸਮਾਜ ਸੇਵੀ ਧਾਰਮਿਕ ਬਿਰਤੀ ਵਾਲੇ ਮਾਸਟਰ ਗੁਰਮੇਲ ਸਿੰਘ

ਸਿੱਖਿਆ ਖੇਤਰ ਵਿੱਚ ਸਨਮਾਨਿਤ,ਮਿਹਨਤੀ, ਦ੍ਰਿੜ ਇਰਾਦੇ ਵਾਲਾ ਅਤੇ ਲਗਨ ਨਾਲ ਕੰਮ ਕਰਨ ਵਾਲਾ ਗੁਰਮੇਲ ਸਿੰਘ ਆਰਟ ਕਰਾਫਟ ਅਧਿਆਪਕ ਆਪਣੇ ਸਕੂ਼ਲ ਦੀ ਬਿਹਤਰੀ ਲਈ ਹਮੇਸ਼ਾਂ ਤੱਤਪਰ ਰਿਹਾ ਹੈ।ਉਸ ਦਾ ਸਕੂਲ ਪ੍ਰਤੀ ਏਨਾ ਮੋਹ ਸੀ ਕਿ ਉਹ ਸਕੂਲ ਦੇ ਕੰਮਾਂ ਲਈ ਅਕਸਰ ਛੁੱਟੀ ਵਾਲੇ ਦਿਨਾਂ ਵਿੱਚ ਜਾ ਕੇ ਅਤੇ ਸਕੂਲ ਸਮੇਂ ਤੋਂ ਬਾਅਦ ਵੀ ਅਧੂਰੇ ਕੰਮ ਕਰਦਾ ਰਿਹਾ ਹੈ।ਉਸ ਨੇ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਮਿਡਲ ਸਕੂਲ ਜਾਹਲ੍ਹਾਂ (ਪਟਿਆਲਾ) ਵਿਖੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਈ ਹੈ। ਉਸ ਨੇ ਸੁਰੂ ਵਿੱਚ ਸਾਖਰਤਾ ਮੁਹਿੰਮ ਵਿੱਚ ਆਨ ਡਿਊਟੀ ਜਿਲ੍ਹਾ ਪੱਧਰ ਤੇ ਵਧੀਕ ਡਿਪਟੀ ਕਮਿਸ਼ਨਰ ਦੇ ਦਫਤਰ ਬਤੌਰ ਜਿਲ੍ਹਾ ਕੋਆਰਡੀਨੇਟਰ ਕੰਮ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਕੀਤਾ ।ਸਿੱਖਿਆ ਵਿਭਾਗ ਵਲੋਂ ਉਸ ਨੂੰ ਸਟੇਟ ਰਿਸੋਰਸ ਗਰੁੱਪ (ਆਰਟ ਅਤੇ ਕਰਾਫਟ) ਵਿੱਚ ਉਸ ਦੇ ਕੰਮ ਕਰਨ ਦੀ ਗੁਣਵੱਤਾ ਅਤੇ ਯੋਗਤਾ ਨੂੰ ਦੇਖਦੇ ਹੋਏ ਸਾਮਲ ਕੀਤਾ ਗਿਆ, ਜਿਸ ਵਿੱਚ ਉਸ ਨੇ ਗਰੁੱਪ ਦੇ ਮੈਂਬਰਾਂ ਨਾਲ ਮਿਲ ਕੇ ਸਰਾਹਨਾਯੋਗ ਕੰਮ ਕੀਤਾ ।

ਉਸ ਨੇ ਡਰਾਇੰਗ ਵਿਸ਼ੇ ਨੂੰ ਹੋਰਾਂ ਵਿਸ਼ਿਆਂ ਦਾ ਸਹਿਯੋਗੀ ਬਣਾਉਣ ਲਈ ਨਵੇਂ ਨਵੇਂ ਸੁਝਾਅ ਦੇ ਕੇ ਇਸ ਵਿਸ਼ੇ ਦੀ ਘੱਟ ਰਹੀ ਅਹਿਮੀਅਤ ਨੂੰ ਮੁੜ ਸੁਰਜੀਤ ਕਰਵਾਇਆ।ਉਸ ਨੇ ਸਟੇਟ ਰਿਸੋਰਸ ਪਰਸਨ ਦੇ ਤੌਰ ਤੇ ਵਧੀਆ ਸੇਵਾਵਾਂ ਸੈਮੀਨਾਰਾਂ ਵਿੱਚ ਅਧਿਆਪਕਾਂ ਨੂੰ ਪ੍ਰਦਾਨ ਕੀਤੀਆਂ ਹਨ,ਜਿਸ ਦੀ ਉੱਚ ਅਧਿਕਾਰੀਆਂ ਨੇ ਪ੍ਰਸ਼ੰਸ਼ਾ ਕੀਤੀ ਹੈ।ਬਤੌਰ ਰਿਸੋਰਸ ਪਰਸਨ ਉਸ ਨੂੰ ਸਟੇਟ ਪੱਧਰ ਦੀਆਂ ਵਰਕਸਾਪਾਂ ਵਿੱਚ ਵਧੀਆਂ ਸੇਵਾਵਾਂ ਦੇਣ ਬਦਲੇ ਸਕੱਤਰ ਸਕੂਲੀ ਸਿੱਖਿਆ ਪੰਜਾਬ ਸ਼੍ਰੀ ਕ੍ਰਿਸ਼ਨ ਕੁਮਾਰ ਵਲੋਂ ਪ੍ਰਸ਼ੰਸ਼ਾ-ਪੱਤਰ ਦੇ ਕੇ ਸਨਮਾਨਿਤ ਕੀਤਾ ਹੈ। ਇਸ ਨਾਲ ਇਲਾਕੇ ਦੇ ਸਕੂਲਾਂ ਵਿੱਚ ਸ.ਮਿ.ਸ.ਜਾਹਲ੍ਹਾਂ ਦਾ ਨਾਂ ਉੱਚਾ ਹੋਇਆ ਹੈ।ਆਪਣੇ ਸਕੂਲ ਅੰਦਰ ਮਾਟੋ,ਨਕਸ਼ੇ ਆਦਿ ਉਸ ਨੇ ਆਪ ਬਣਾਏ ਹਨ।ਸਕੂਲ ਦੇ ਵਰਾਂਡੇ ਨੂੰ ਰੰਗਾਂ ਨਾਲ ਸ਼ਜਾਉਣ ਦਾ ਕੰਮ ਵੀ ਉਸ ਨੇ ਕੀਤਾ ਹੈ।

ਉਸ ਵਲੋਂ ਦਫਤਰ ਅੰਦਰ ਬੜੇ ਵਧੀਆ ਅਤੇ ਕਲਾਤਮਕ ਢੰਗ ਨਾਲ ਸਕੂਲ ਦੀਆਂ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ।ਉਸ ਦੇ ਸਕੂਲ ਦੇ ਬੱਚੇ ਪੋਸਟਰ ਮੁਕਾਬਲਿਆਂ ਵਿੱਚ ਸਟੇਟ ਪੱਧਰ ਤੇ ਜੇਤੂ ਰਹਿੰਦੇ ਰਹੇ ਹਨ।ਉਹ ਆਪਣੇ ਵਿਸ਼ੇ ਤੋਂ ਇਲਾਵਾ ਹੋਰ ਵਿਸ਼ੇ ਵਧੀਆ ਢੰਗ ਨਾਲ ਪੜ੍ਹਾਉਣ ਲਈ ਨੇੜਲੇ ਸਕੂਲਾਂ 'ਚ ਉਤਸ਼ਾਹਿਤ ਕਰਦਾ ਰਿਹਾ ਹੈ।ਇੱਕ ਸਾਲ ਅੱਠਵੀਂ ਦਾ ਗਣਿਤ ਪੜ੍ਹਾਉਣ ਦਾ ਉਸ ਨੂੰ ਮੌਕਾ ਮਿਲਿਆ ਤਾਂ ਬੋਰਡ ਦੇ ਨਤੀਜੇ ਤੋਂ ਵੱਧ ਸਕੂਲ ਦਾ ਨਤੀਜਾ ਲਿਆ ਕੇ ਨਵਾਂ ਇਤਿਹਾਸ ਸਿਰਜਿਆ।ਸੇਵਾ ਮੁਕਤੀ ਉਪਰੰਤ ਵਾਧੇ ਦੌਰਾਣ ਉਸ ਦੀ ਡਿਊਟੀ ਤਿੰਨ ਦਿਨ ਸ.ਹ.ਸ.ਧਬਲਾਨ (ਕੰਪਲੈਕਸ ਸਕੂਲ) ਵਿਖੇ ਲੱਗਣ ਨਾਲ ਉਸ ਸਕੂਲ ਦੀ ਦਿੱਖ ਬਦਲਣ ਅਤੇ ਬੱਚਿਆਂ ਨੂੰ ਹਰੇਕ ਵਿਸ਼ੇ ਦੀ ਪੜ੍ਹਾਈ ਲਈ ਪ੍ਰੇਰਨਾ ਕਰਨ ਦਾ ਗੰਭੀਰਤਾ ਨਾਲ ਉਸਨੇ ਯਤਨ ਕੀਤਾ।ਇਸੇ ਕੋਸ਼ਿਸ਼ ਸਦਕਾ ਪਿਛਲੇ ਸਾਲ ਦੇ ਨਤੀਜਿਆਂ ਨਾਲੋਂ ਸਕੂਲ ਦਾ ਬਿਹਤਰ ਨਤੀਜਾ ਅਇਆ।ਇਸੇ ਕਰਕੇ ਸਿੱਖਿਆ ਸਕੱਤਰ ਵਲੋਂ ਗੁਰਮੇਲ ਸਿੰਘ ਨੂੰ ਉਸ ਦੀ ਵਧੀਆ ਕਾਰਗੁਜ਼ਾਰੀ ਸਦਕਾ ਇੱਕ ਹੋਰ ਪ੍ਰਸ਼ੰਸ਼ਾ-ਪੱਤਰ ਦਿੱਤਾ ਗਿਆ।

ਗੁਰਮੇਲ ਸਿੰਘ ਦਾ ਜਨਮ ਮੱਧ ਵਰਗੀ ਕਿਸਾਨ ਸ਼੍ਰ. ਜੰਗੀਰ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਚੰਦ ਕੌਰ ਦੀ ਕੁੱਖੋਂ 30 ਜਨਵਰੀ 1960 ਨੂੰ ਲੋਪੇ (ਭੋੜੇ) ਜਿਲ੍ਹਾ ਪਟਿਆਲਾ ਵਿਖੇ ਹੋਇਆ।ਉਸ ਨੇ ਪ੍ਰਾਇਮਰੀ ਸਿੱਖਿਆ ਸ.ਪ੍ਰ.ਸ.ਭੋੜੇ ਤੋਂ ਪ੍ਰਾਪਤ ਕੀਤੀ।ਇਸ ਤੋਂ ਬਾਅਦ ਸ.ਹ.ਸ. ਮੱਲ੍ਹੇਵਾਲ ਵਿਖੇ ਪੜ੍ਹਾਈ ਕਰਨ ਉਪਰੰਤ ਇਥੋਂ ਮਾਰਚ 1976 'ਚ ਦਸਵੀਂ ਪਾਸ ਕਰ ਲਈ।ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 1980 ਵਿੱਚ ਬੀ.ਏ. ਪਾਸ ਕਰਨ ਉਪਰੰਤ ਸਰਕਾਰੀ ਆਰਟ ਅਤੇ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ ਤੋਂ ਦੋ ਸਾਲਾ ਡਿਪਲੋਮਾ 1982 ਵਿੱਚ ਪ੍ਰਾਪਤ ਕਰ ਲਿਆ ।ਉਸ ਨੇ ਵੀਰ ਹਕੀਕਤ ਰਾਏ ਮਾਡਲ ਸਕੂਲ ਪਟਿਆਲਾ ਵਿਖੇ 13 ਦਸੰਬਰ 1983 ਤੋਂ 14 ਸਤੰਬਰ 1987 ਤੱਕ ਬਤੌਰ ਆਰਟ / ਕਰਾਫਟ ਟੀਚਰ ਸੇਵਾ ਨਿਭਾਈ।ਇਸ ਦੌਰਾਣ 10 ਮਈ 1986 ਨੂੰ ਸ਼੍ਰ. ਸੁਖਦੇਵ ਸਿੰਘ ਪਿੰਡ ਫਤਿਹਗੜ੍ਹ ਭਾਦਸੋਂ (ਸੰਗਰੂਰ) ਦੀ ਪੁੱਤਰੀ ਬਲਜਿੰਦਰ ਕੌਰ ਨਾਲ ਵਿਆਹ ਹੋ ਗਿਆ ।ਉਸ ਨੇ ਆਰਮੀ ਸਕੂਲ ਪਟਿਆਲਾ ਵਿਖੇ 15 ਸਤੰਬਰ 1987 ਤੋਂ 25 ਅਕਤੂਬਰ 1994 ਤੱਕ ਬਤੌਰ ਡਰਾਇੰਗ ਅਧਿਆਪਕ ਲਗਨ ਅਤੇ ਮਿਹਨਤ ਨਾਲ ਕੰਮ ਕੀਤਾ। ਇਥੋਂ ਉਸ ਨੇ ਜ਼ਿੰਦਗੀ ਜਿਊਣ ਲਈ ਬਹੁਤ ਕੁਝ ਸਿੱਖਿਆ।ਇਸ ਦੌਰਾਣ ਹੀ ਉਸ ਨੂੰ ਆਤਮਾ ਰਾਮ ਕੁਮਾਰ ਸਭਾ ਸੀ.ਸੈ.ਸ. ਪਟਿਆਲਾ ਦੇ ਏਡਿਡ ਸਕੂਲ ਵਿਖੇ ਬਤੌਰ ਆਰਟ / ਕਰਾਫਟ ਟੀਚਰ ਨੋਕਰੀ ਮਿਲ ਗਈ ।

ਇਸ ਸਕੂਲ ਵਿੱਚ ਉਸ ਨੇ ਆਪਣੇ ਪਿਛਲੇ ਸਕੂਲਾਂ ਦੇ ਤਜਰਬਿਆ ਸਦਕਾ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਸ਼ੁਰੂ ਕਰਵਾਈ।ਇਥੇ ਉਸ ਦੀ ਕਲਾਸ ਦੇ ਦੋ ਬੱਚੇ ਪੀ.ਐਮ.ਟੀ. ਪਾਸ ਕਰ ਚੁੱਕੇ ਹਨ।ਉਸ ਨੇ ਸਰਕਾਰੀ ਨੌਕਰੀ ਵਿੱਚ ਬਤੌਰ ਅ / ਕ ਟੀਚਰ ਨਿਯੁਕਤੀ ਹੋਣ ਉਪਰੰਤ ਸ.ਹ.ਸ. ਲਾਛੜੂ (ਪਟਿਆਲਾ) ਵਿਖੇ 10 ਜਨਵਰੀ 1997 ਨੂੰ ਹਾਜ਼ਰੀ ਦਿੱਤੀ ।ਇਥੋਂ ਗੁਰਮੇਲ ਸਿੰਘ ਨੇ 7 ਜੁਲਾਈ 2000 ਨੂੰ ਬਦਲੀ ਹੋਣ ਕਾਰਣ ਸ.ਮਿ.ਸ. ਜਾਹਲ੍ਹਾਂ ਕੰਪਲੈਕਸ ਸ.ਹ.ਸ.ਧਬਲਾਨ ਵਿਖੇ ਹਾਜ਼ਰੀ ਦਿੱਤੀ ਅਤੇ ਸੇਵਾ ਮੁਕਤੀ ਤੱਕ ਇਥੇ ਹੀ ਵਿਲੱਖਣ ਅਧਿਆਪਕ ਦੇ ਤੌਰ ਤੇ ਆਪਣੀਆਂ ਸੇਵਾਵਾਂ ਨਿਭਾਈਆਂ ।ਉਹ ਸਕੂਲ ਦੀ ਦਿੱਖ ਸੰਵਾਰਨ ਲਈ ਮੋਹਰੀ ਹੋ ਕੇ ਕੰਮ ਕੀਤਾ।ਸਕੂਲ ਦਾ ਰਿਕਾਰਡ ਉਸ ਵਲੋਂ ਵਧੀਆ ਤਰੀਕੇ ਨਾਲ ਸੰਭਾਲਣ ਲਈ ਉੱਚ ਅਧਿਕਾਰੀਆਂ ਵਲੋਂ ਨਿਰੀਖਣ ਸਮੇਂ ਪ੍ਰਸ਼ੰਸ਼ਾਯੋਗ ਪਾਇਆ ਜਾਂਦਾ ਰਿਹਾ ਹੈ।ਉਹ ਅਧਿਆਪਕ ਯੂਨੀਅਨ ਜੀ.ਟੀ.ਯੂ. ਦਾ ਸਰਗਰਮ ਮੈਂਬਰ ਹੈ।ਪਟਿਆਲਾ ਵਿਖੇ ਅਧਿਆਪਕਾਂ ਦਾ ਕੋਈ ਵੀ ਧਰਨਾ/ ਰੈਲੀ ਆਦਿ ਹੋਵੇ ਤਾਂ ਉਹ ਮੋਹਰੀ ਹੋ ਕੇ ਲਗਾਈ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ।ਉਹ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦਾ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਹੈ।ਉਹ ਦਫਤਰੀ ਕੰਮਾਂ ਨੂੰ ਕਰਨ ਅਤੇ ਕਰਵਾਉਣ ਦਾ ਮਾਹਿਰ ਹੈ।ਉਹ ਧਾਰਮਿਕ ਥਾਵਾਂ ਦੇ ਦਰਸ਼ਨਾਂ ਲਈ ਅਕਸਰ ਜਾਂਦਾ ਰਹਿੰਦਾ ਹੈ ਕਿਉਂ ਕਿ ਉਸ ਦਾ ਪਾਲਣ ਪੋਸ਼ਣ ਇੱਕ ਧਾਰਮਿਕ ਬਿਰਤੀ ਵਾਲੇ ਪਰਿਵਾਰ 'ਚ ਹੋਇਆ ।

ਉਹ ਦਸ਼ਮੇਸ਼ ਖਾਲਸਾ ਸ਼ੇਰੇ ਦਲ (ਰਜਿ:) ਸ਼੍ਰੀ ਫਤਿਹਗੜ੍ਹ ਸਾਹਿਬ ਨਾਲ ਨਿਸ਼ਕਾਮ ਸੇਵਾ ਲਈ ਜੁੜਿਆ ਹੋਇਆ ਹੈ।ਉਹ ਇਸ ਦਲ ਨਾਲ ਹਰ ਮਹੀਨੇ ਸੰਗਰਾਂਦ ਅਤੇ ਸਾਲਾਨਾ ਸ਼ਹੀਦੀ ਜੋੜਮੇਲ ਸਮੇਂ ਫਤਿਹਗੜ੍ਹ ਸਾਹਿਬ ਵਿਖੇ ਆਪਣੇ ਜੱਥੇ ਨਾਲ ਨਿਸ਼ਕਾਮ ਸੇਵਾ ਕਰਦਾ ਹੈ।ਵਿਸਾਖੀ ਨੂੰ ਸ੍ਰੀ ਆਨੰਦਪੁਰ ਸਾਹਿਬ , ਸਹੀਦੀ ਪੰਦਰਵਾੜੇ ਸਮੇਂ ਚਮਕੌਰ ਸਾਹਿਬ , ਹੋਰ ਕਿਸੇ ਵੀ ਵੱਡੀ ਸਤਾਬਦੀ ਮਨਾਉਣ ਸਮੇਂ ਉਥੇ ਜਾ ਕੇ ਸੇਵਾ ਜੱਥੇ ਨਾਲ ਨਿਭਾਉਂਦਾ ਹੈ ।ਉਹ ਤਕਰੀਬਨ ਹਰ ਰੋਜ਼ ਰਜਿੰਦਰਾ ਹਸਪਤਾਲ ਸਾਮੀਂ ਜਾ ਲੰਗਰ ਦੀ ਸੇਵਾ ਕਰਦਾ ਹੈ ।ਉਹ ਹਮੇਸ਼ਾਂ ਹਰੇਕ ਦੇ ਦੁੱਖ-ਸੁੱਖ ਦਾ ਸਾਂਝੀਵਾਲ ਬਣ ਕੇ ਵਿਚਰਦਾ ਹੈ।ਉਸ ਦੇ ਦੋ ਭਰਾ ਗੁਰਚਰਨ ਸਿੰਘ ਅਤੇ ਗੁਰਦਰਸ਼ਨ ਸਿੰਘ ਜੱਦੀ ਪਿੰਡ ਲੋਪੇ ਅਤੇ ਭਰਾ ਗਿਆਨ ਸਿੰਘ 'ਲੋਪੇ' ਨਾਭਾ ਵਿਖੇ ਰਹਿ ਰਹੇ ਹਨ। ਉਹ ਆਪਣੇ ਪਰਿਵਾਰ ਨਾਲ ਪ੍ਰਤਾਪ ਨਗਰ ਪਟਿਆਲਾ ਵਿਖੇ ਰਹਿ ਰਿਹਾ ਹੈ।ਵਾਹਿਗੁਰੂ ਜੀ ਹਮੇਸ਼ਾ ਉਸ ਨੂੰ ਸਮਾਜ ਲਈ ਹੋਰ ਵੀ ਵਧੀਆ ਸੇਵਾਵਾਂ ਦੇਣ ਲਈ ਤੰਦਰੁਸਤੀ ਅਤੇ ਚੜ੍ਹਦੀਕਲਾ ਬਖਸ਼ਣ ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।

**Ghuman Law Group ਤੁਹਾਡੇ ਨਾਲ ਹੈ**

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANYLABTEST NOW!
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਪੁਸਤਕ ਰੀਵਿਊ

# ਹਾਸੇ ਤੇ ਚੋਭਾਂ: ਬਾਬਿਆਂ ਦੇ ਵੱਗ ਫਿਰਦੇ




ਤ੍ਰਿਲੋਕ ਢਿੱਲੋਂ ਸੂਖਮਭਾਵੀ ਲੇਖਕ ਹੈ। ਉਹਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ- ਕਵਿਤਾ, ਨਾਟਕ, ਨਿਬੰਧ ਅਤੇ ਹਾਸ-ਵਿਅੰਗ ਆਦਿ ਤੇ ਕਲਮ ਚਲਾਈ ਹੈ। ਇਨ੍ਹਾਂ ਵਿਧਾਵਾਂ ਵਿੱਚ ਉਹਦੀਆਂ ਹੁਣ ਤੱਕ 9 ਕਿਤਾਬਾਂ ਛਪ ਚੁੱਕੀਆਂ ਹਨ। ਉਹਦੀਆਂ ਕੁਝ ਲਿਖਤਾਂ (ਕਹਾਣੀਆਂ, ਕਵਿਤਾਵਾਂ, ਵਿਅੰਗ ਆਦਿ) ਨੂੰ ਸਾਂਝੇ ਸੰਗ੍ਰਹਿਆਂ ਵਿੱਚ ਵੀ ਢੁਕਵਾਂ ਸਥਾਨ ਮਿਲਿਆ ਹੈ। 2022 ਵਿੱਚ ਉਹਨੇ ਹਾਸ-ਵਿਅੰਗ ਦੀ ਵਿਧਾ ਉੱਤੇ (ਪੁਸਤਕ 'ਤਰੀ ਵਾਲੇ ਕਰੇਲੇ' ਰਾਹੀਂ) ਹੱਥ ਅਜ਼ਮਾਇਆ, ਜਿਸ ਵਿੱਚ ਉਹਨੂੰ ਭਰਪੂਰ ਕਾਮਯਾਬੀ ਮਿਲੀ। ਇਸ ਪੁਸਤਕ ਦਾ ਪਹਿਲਾ ਸੰਸਕਰਣ ਹੱਥੋ-ਹੱਥੀ ਵਿਕ ਗਿਆ ਤੇ ਦੂਜੀ ਐਡੀਸ਼ਨ ਛਾਪਣੀ ਪਈ। ਇਸੇ ਵਿਧਾ ਵਿੱਚ ਉਹਦੀ ਹੱਥਲੀ ਕਿਤਾਬ ('ਬਾਬਿਆਂ ਦੇ ਵੱਗ ਫਿਰਦੇ', ਟਰੂ ਸਪੈਰੋ ਪਬਲਿਸ਼ਰਜ਼ ਪਟਿਆਲਾ, ਪੰਨੇ 97, ਮੁੱਲ 275/- ਰੁਪਏ) ਸਾਹਮਣੇ ਆਈ ਹੈ, ਜਿਸ ਵਿੱਚ ਉਹਨੇ 15 ਵਿਸ਼ਿਆਂ ਤੇ ਬੇਬਾਕੀ ਨਾਲ ਲਿਖਿਆ ਹੈ, ਨਾਲੋ-ਨਾਲ 'ਫਿੱਲਰ' ਵਜੋਂ ਏਨੀ ਹੀ ਛੋਟੇ ਆਕਾਰ ਦੀ ਸਾਮੱਗਰੀ ('ਦੁੰਮ ਛੱਲਾ' ਸਿਰਲੇਖ ਹੇਠ) ਹੋਰ ਪਰੋਸੀ ਗਈ ਹੈ।

ਜਿਨ੍ਹਾਂ ਵਿਸ਼ਿਆਂ ਨੂੰ ਵਿਅੰਗ ਦੀ ਚਾਸ਼ਣੀ ਵਿੱਚ ਡੁਬੋਇਆ ਗਿਆ ਹੈ, ਉਨ੍ਹਾਂ ਵਿੱਚ ਗੱਲਾਂ, ਜ਼ਬਾਨ, ਮੋਟਾਪਾ, ਬੂਬਨੇ, ਸੇਵਾਮੁਕਤੀ, ਤਣਾਓ, ਪਤਨੀ, ਦਲ-ਬਦਲੂ, ਸੇਲ, ਸੰਸਕਾਰ, ਪਟਵਾਰੀ ਜਿਹੇ ਆਮ ਤੇ ਜਾਣੇ-ਪਛਾਣੇ ਮਜ਼ਮੂਨ ਉੱਭਰ ਕੇ ਸਾਹਮਣੇ ਆਏ ਹਨ। ਪਹਿਲਾ ਸਿਰਲੇਖ ਹੈ- 'ਗੱਲਾਂ ਦਾ ਕੜਾਹ', ਜਿਸ ਵਿੱਚ ਲੇਖਕ ਨੇ ਗੱਲਾਂ ਰਾਹੀਂ ਹੀ ਆਪਣੀ ਪੈਂਠ ਜਮਾਉਣ ਵਾਲੇ ਲੋਕਾਂ ਦਾ ਚੀਰ-ਹਰਣ ਕੀਤਾ ਹੈ। ਇਸ ਵਿੱਚ ਪੰਜਾਬ ਦੇ ਇੱਕ ਮੰਤਰੀ, ਲੇਖਕ ਦਵਿੰਦਰ ਦੀਦਾਰ, ਸ਼ੇਖ ਸਾਅਦੀ ਨੂੰ ਉਭਰਵੇਂ ਰੂਪ ਵਿੱਚ 'ਕੋਟ' ਕੀਤਾ ਗਿਆ ਹੈ। 'ਉੱਸਲਵੱਟੇ ਲੈਂਦੀ ਜ਼ਬਾਨ' ਵਿੱਚ ਚੁੱਪ ਅਤੇ ਬੋਲ ਦੀ ਮਹੱਤਾ/ਫ਼ਰਕ ਨੂੰ ਸਮਝਾਇਆ ਗਿਆ ਹੈ। ਲੇਖਕ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ "ਕਮਾਨੋਂ ਨਿਕਲਿਆ ਤੀਰ ਅਤੇ ਜ਼ਬਾਨੋਂ ਨਿਕਲੇ ਬੋਲ ਕਦੇ ਵਾਪਸ ਨਹੀਂ ਮੁੜਦੇ"। ਇਸ ਲੇਖ ਵਿੱਚ ਲੇਖਕ ਨੇ ਬਸ਼ੀਰ ਬਦ੍ਰ ਦੇ ਇੱਕ ਸ਼ੇਅਰ ਨੂੰ ਖਾਸ ਤੌਰ ਤੇ ਉਧ੍ਰਿਤ ਕੀਤਾ ਹੈ। 'ਢਿੱਡ ਘਟਾਓ ਪਰਮੋਸ਼ਨ ਪਾਓ' ਵਿੱਚ ਮੋਟੀ ਗੋਗੜ ਵਾਲਿਆਂ ਦੀਆਂ ਪ੍ਰੇਸ਼ਾਨੀਆਂ ਤੇ ਹੱਲ ਨੂੰ ਲੈ ਕੇ ਢਿੱਡੀਂ ਪੀੜਾਂ ਪਾਈਆਂ ਗਈਆਂ ਹਨ। ਲੇਖਕ ਦੀ ਕਲਮ ਲਾਲਾ ਰਾਮਦੇਵ ਅਤੇ ਮਹਿਕਮਾ ਪੁਲੀਸ ਨੂੰ ਆੜੇ ਹੱਥੀਂ ਲੈਂਦੀ ਹੈ। 'ਮਿੱਠੀਆਂ ਨਮੋਲੀਆਂ' ਵਿੱਚ ਓਸ਼ੋ ਰਜਨੀਸ਼, ਭਾਰਤ-ਜਪਾਨ, ਛੜਿਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਮਿਲਦਾ ਹੈ। ਸੰਗ੍ਰਹਿ ਦਾ ਸ਼ੀਰਸ਼ਕ ਲੇਖ ਬੜੀ ਮਿਹਨਤ ਨਾਲ ਲਿਖਿਆ ਗਿਆ ਹੈ। ਇਸ ਵਿੱਚ ਖੁੰਬਾਂ ਵਾਂਗ ਉੱਗੇ ਬਾਬਿਆਂ ਦੀ ਚੰਗੀ ਤੌਣੀ ਲਾਹੀ ਗਈ ਹੈ। ਪ੍ਰਸਿੱਧ ਦਾਰਸ਼ਨਿਕ ਜੌਸਫ਼, ਅਹੱਲਿਆ ਦੇ ਪੱਥਰ ਹੋਣ ਦੀ ਮਿੱਥ ਕਥਾ, ਹਰਭਜਨ ਸਿੰਘ ਯੋਗੀ ਆਦਿ ਪ੍ਰਸੰਗਾਂ ਨੂੰ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਢੁਕਵੀਂ ਥਾਂ ਵਰਤਿਆ ਹੈ। 'ਸੱਤਵੀਂ ਰੁੱਤ ਦੇ ਸ਼ਾਹ ਸਵਾਰ' ਵਿੱਚ ਦਲ-ਬਦਲੂਆਂ ਦੀ ਖ਼ੂਬ ਖੁੰਬ ਠੱਪੀ ਹੈ। ਸ਼ਾਇਰ ਪ੍ਰਮੋਦ ਕਾਫ਼ਿਰ, ਅਮਰੀਕਾ ਦਾ ਚਿੜੀਆ ਘਰ, ਭਾਰਤੀ ਚੋਣ ਦ੍ਰਿਸ਼ ਨੇ ਇਸ ਮਜ਼ਮੂਨ ਵਿੱਚ ਖਾਸ ਥਾਂ ਬਣਾਈ ਹੈ। 'ਤੂੰ ਕਾਹਦਾ ਪਟਵਾਰੀ' ਵਿੱਚ ਲੇਖਕ ਨੇ ਆਪਣੀ ਹੱਡਬੀਤੀ ਦਾ ਕਿੱਸਾ ਤਾਂ ਸ਼ਾਮਲ ਕੀਤਾ ਹੀ ਹੈ, ਨਾਲ ਨਾਲ ਅਮਰੀਕੀ ਰਾਸ਼ਟਰਪਤੀਆਂ ਤੇ ਉਨ੍ਹਾਂ ਦੀਆਂ ਪਤਨੀਆਂ ਦੀ ਰੋਜ਼ਮੱਰਾ ਜ਼ਿੰਦਗੀ ਨੂੰ ਵੀ ਪੇਸ਼ ਕੀਤਾ ਹੈ। 'ਕਿੱਧਰ ਗਏ ਉਹ ਲੋਕ ਤੇ ਸਭਿਆਚਾਰ' ਵਿੱਚ ਲੇਖਕ ਨੇ ਪੰਜਾਬੀ ਵਿਰਸੇ ਤੇ ਵਰਤਮਾਨ ਦੇ ਰੂਬਰੂ ਹੋ ਕੇ ਅਖੌਤੀ ਆਧੁਨਿਕਤਾ ਦੇ ਬਖ਼ੀਏ ਉਧੇੜੇ ਹਨ। ਫੋਕੀ ਟੌਅਰ, ਵਿਖਾਵਾ ਤੇ ਫ਼ੂੰ-ਫ਼ਾਂ ਤਾਂ ਇਉਂ ਹੈ, ਜਿਵੇਂ ਅੱਡੀਆਂ ਚੁੱਕ ਕੇ ਫਾਹਾ ਲਿਆ ਜਾਵੇ। 'ਰੀਟਾਇਰ ਬੰਦੇ ਵੀ ਬੜੇ ਕੰਮ ਦੇ ਹੁੰਦੇ ਨੇ ਜੇ ਕਿਤੇ...' ਵਿੱਚ ਸੇਵਾਮੁਕਤ ਲੋਕਾਂ ਦੀਆਂ ਪੱਕ ਚੁੱਕੀਆਂ ਮਾੜੀਆਂ ਆਦਤਾਂ ਨੂੰ ਸਮੇਂ ਦੇ ਹਿਸਾਬ ਨਾਲ ਬਦਲਣ ਬਾਰੇ ਸੰਕੇਤ ਹੈ ਤੇ ਸੇਵਾਮੁਕਤੀ ਤੋਂ ਬਾਦ ਚੰਗਾ, ਸੁੱਚਾ ਜੀਵਨ ਜੀਣ ਦੇ ਅਮਲ ਦੀ ਲੋੜ ਨੂੰ ਉਭਾਰਿਆ ਹੈ। 'ਇਮਿਊਨਿਟੀ ਵਧਾਓ-ਟੈਂਸ਼ਨ ਘਟਾਓ' ਵਿੱਚ ਤਣਾਓ ਰਹਿਤ ਅਤੇ ਚੰਗੀ ਜ਼ਿੰਦਗੀ ਜੀਣ ਲਈ ਖੁਸ਼ ਰਹਿਣ ਦੀ ਗੱਲ ਕੀਤੀ ਗਈ ਹੈ। ਲੇਖਕ ਵੱਡਿਆਂ ਤੋਂ ਕੁੱਟ ਖਾਣ, ਝਿੜਕਾਂ ਖਾਣ, ਪਤਨੀ ਦੇ ਸ਼ਾਂਤ ਰਹਿਣ, ਇੱਕ-ਅੱਧ ਪੈਗ ਪੀਣ ਆਦਿ ਨੂੰ ਇਮਿਊਨਿਟੀ ਵਿੱਚ ਵਾਧੇ ਦੀ ਚੰਗੀ ਖ਼ੁਰਾਕ ਦੱਸਦਾ ਹੈ। 'ਇਹ ਬਜ਼ੁਰਗੀ ਮੇਰੇ ਸਿਰ ਨਾ ਮੜ੍ਹੋ' ਵਿੱਚ ਅੰਗਰੇਜ਼ੀ ਲੇਖਕ ਡੀ. ਮੈਥਾਰਟਨ ਦੇ ਹਵਾਲੇ ਨਾਲ ਦੱਸਿਆ ਹੈ ਕਿ ਬੰਦਾ ਬੁੱਢਾ ਉਦੋਂ ਹੁੰਦਾ ਹੈ ਜਦੋਂ ਉਹਦੀ ਇੱਛਾ ਸ਼ਕਤੀ ਤੇ ਸੋਚ ਨਾਕਾਰਾਤਮਕ ਹੋ ਜਾਂਦੀ ਹੈ। ਇਸੇ ਰਚਨਾ ਵਿੱਚ ਸਪਸ਼ਟ ਕੀਤਾ ਹੈ ਕਿ ਕਿਤੇ ਘੁੰਮਣ-ਫਿਰਨ ਨੂੰ ਜੀਅ ਨਾ ਕਰਨਾ, ਨਵੇਂ ਕੱਪੜੇ ਨਾ ਖਰੀਦਣਾ, ਨੌਜਵਾਨਾਂ ਦੇ ਫੈਸ਼ਨਾਂ ਤੇ ਟਿੱਪਣੀਆਂ ਕਰਨਾ, ਆਧੁਨਿਕ ਗੀਤ-ਸੰਗੀਤ ਤੇ ਤਨਜ਼ ਕਸਣਾ- ਸਭ ਬੁੱਢੇ ਹੋਣ ਦੀਆਂ ਨਿਸ਼ਾਨੀਆਂ ਹਨ। 'ਨਵੇਂ ਲੇਖਕਾਂ ਲਈ ਸਾਹਿਤਕ ਸੁਵਿਧਾ ਕੇਂਦਰ' ਵਿੱਚ ਨਵੇਂ ਲੇਖਕਾਂ ਲਈ ਅਜਿਹੀ ਸੰਸਥਾ ਦੀ ਵਕਾਲਤ ਕੀਤੀ ਗਈ ਹੈ, ਜਿਸ ਵਿੱਚ ਕਿਸੇ ਲੇਖਕ ਦੀ ਪੁਸਤਕ ਦੀ ਛਪਾਈ ਤੋਂ ਲੈ ਕੇ ਪ੍ਰਚਾਰ-ਪ੍ਰਸਾਰ ਤੱਕ ਹਰ ਤਰ੍ਹਾਂ ਦਾ ਪ੍ਰਬੰਧ ਹੋਵੇ। 'ਘਰ ਗ੍ਰਹਿਸਥੀ ਵਿੱਚ ਪਤਨੀਆਂ ਦਾ ਯੋਗਦਾਨ' ਵਿੱਚ ਪਤਨੀਆਂ ਵੱਲੋਂ ਘਰ ਬੈਠ ਕੇ ਕੀਤੇ ਜਾਣ ਵਾਲੇ ਵੰਨ-ਸੁਵੰਨੇ ਕੰਮਾਂ ਦੀ ਸੂਚੀ ਉਲੀਕੀ ਗਈ ਹੈ, ਜਿਸ ਵਿੱਚ ਵਿਹਲੇ ਪਤੀ ਨੂੰ ਚਾਹ ਬਣਾਉਣ ਦੀ ਟ੍ਰੇਨਿੰਗ, ਸਫ਼ਾਈ, ਝਾੜੂ-ਪੋਚਾ, ਸਿਲਾਈ, ਟਿਫ਼ਿਨ ਸਰਵਿਸ ਆਦਿ ਸ਼ਾਮਲ ਹੈ। 'ਪਾ ਕੇ ਲੌਂਗ ਬਿਗਾਨਾ' ਵਿੱਚ ਸੁਚੱਜੇ ਤੇ ਕੁਚੱਜੇ ਸਲਾਹਕਾਰਾਂ ਦਾ ਵੇਰਵਾ ਹੈ ਤੇ ਦੱਸਿਆ ਹੈ ਕਿ ਬਿਗਾਨੀ ਘਟੀਆ ਚੀਜ਼ ਨਾਲ ਆਪਣੀ ਮਹਿੰਗੀ ਚੀਜ਼ ਵਟਾਉਣੀ ਕਿੱਥੋਂ ਦੀ ਸਿਆਣਪ ਹੈ! 'ਜੋ ਲੈ ਗਿਆ ਸੋ ਲੈ ਗਿਆ' ਵਿੱਚ ਦੁਕਾਨਦਾਰਾਂ ਵੱਲੋਂ ਬਜ਼ਾਰਾਂ ਵਿੱਚ ਐਤਵਾਰ ਨੂੰ ਲਾਉਣ ਵਾਲੀਆਂ ਸੇਲਾਂ ਦਾ ਜ਼ਿਕਰ ਹੈ। ਮੁਫ਼ਤ ਜਾਂ ਸਸਤੀਆਂ ਮਿਲਣ ਵਾਲੀਆਂ ਚੀਜ਼ਾਂ ਥੁੜਚਿਰੀ ਖੁਸ਼ੀ ਦਿੰਦੀਆਂ ਹਨ, ਬਾਦ ਵਿੱਚ ਲੰਮਾ ਸਮਾਂ ਪਛਤਾਵਾ ਕਰਨਾ ਪੈਂਦਾ ਹੈ।

ਇਨ੍ਹਾਂ ਸਾਰੇ ਲੇਖਾਂ ਵਿੱਚ ਲੇਖਕ 'ਚਾਚਾ ਘੁਣਤਰੀ' ਵਜੋਂ ਸ਼ਾਮਲ ਹੈ ਤੇ ਉਹਨੇ ਥਾਂ-ਥਾਂ ਆਪਣੇ ਨਿੱਜੀ ਤਜਰਬੇ ਵੀ ਸਾਂਝੇ ਕੀਤੇ ਹਨ। ਤ੍ਰਿਲੋਕ ਢਿੱਲੋਂ ਦੇ ਇਹ ਲੇਖ ਫੋਕੇ ਜਾਂ ਨੀਰਸ ਤਾਂ ਬਿਲਕੁਲ ਵੀ ਨਹੀਂ ਹਨ। ਇਹ ਹਾਸਰਸ ਨਾਲ ਭਰਪੂਰ ਹਨ ਤੇ ਤਿੱਖਾ ਕਟਾਖ ਵੀ ਕਰਦੇ ਹਨ। ਇਹ ਸਮਾਜਕ, ਰਾਜਨੀਤਕ, ਧਾਰਮਕ, ਸਭਿਆਚਾਰਕ, ਇਤਿਹਾਸਕ, ਮਿਥਿਹਾਸਕ ਢਾਂਚੇ ਉੱਤੇ ਵਾਰ ਕਰਨੋਂ ਵੀ ਗੁਰੇਜ਼ ਨਹੀਂ ਕਰਦੇ। ਲੇਖਕ ਨੇ ਪੁਸਤਕ ਵਿੱਚ ਹੋਰਨਾਂ ਕਿਤਾਬਾਂ ਅਤੇ ਲੇਖਕਾਂ ਦੇ ਹਵਾਲਿਆਂ ਨਾਲ ਥਾਂ ਪੁਰ ਥਾਂ ਆਪਣੇ ਮਤਿ ਦਾ ਜ਼ੋਰਦਾਰ ਪ੍ਰਗਟਾਵਾ ਕੀਤਾ ਹੈ।

ਪੁਸਤਕ ਵਿੱਚ ਕੁਝ ਪ੍ਰਸੰਗ ਬੇਹੱਦ ਸੁਆਦਲੇ, ਗ੍ਰਹਿਣਯੋਗ ਅਤੇ ਸਾਂਭਣਯੋਗ ਹਨ, ਜਿਨ੍ਹਾਂ ਨੂੰ ਪੜ੍ਹਨਾ ਦਿਲਚਸਪੀ ਤੋਂ ਕੋਰਾ ਨਹੀਂ ਹੋਵੇਗਾ :

1. ਗੱਲ ਭਾਵੇਂ ਦਿਲ ਨੂੰ ਲੁਭਾਉਣ ਵਾਲੀ ਮਿੱਠੀ ਹੋਵੇ, ਪ੍ਰਸੰਸਾ ਅਤੇ ਪ੍ਰਵਾਨਗੀ ਦੇ ਯੋਗ ਵੀ ਹੋਵੇ, ਜੇ ਇੱਕ ਵਾਰ ਕਹਿ ਦਿੱਤੀ, ਮੁੜ ਕੇ ਫੇਰ ਨਾ ਕਹੁ। (ਸ਼ੇਖ ਸਾਅਦੀ, 20)
2. ਬੱਚੇ ਨੂੰ ਬੋਲਣ ਤੇ ਸਿੱਖਣ ਲੱਗਿਆਂ ਕਈ ਵਰ੍ਹੇ ਲੱਗ ਜਾਂਦੇ ਨੇ, ਪਰ ਆਦਮੀ ਨੂੰ ਆਪਣੀ ਜ਼ਬਾਨ ਸੰਭਾਲਣ ਲੱਗਿਆਂ ਸਾਰੀ ਉਮਰ ਲੱਗ ਜਾਂਦੀ ਐ। (ਰਸੂਲ ਹਮਜ਼ਾਤੋਵ, 23)
3. ਸਾਡੇ ਦੇਸ਼ ਦਾ ਪ੍ਰਧਾਨਮੰਤਰੀ, ਮੁੱਖ ਮੰਤਰੀ, ਟਾਟਾ, ਬਾਟਾ, ਸਲਮਾਨ ਖਾਨ, ਹੋਰ ਕਈ- ਏਥੋਂ ਤੱਕ ਕਿ ਬਾਬਾ ਰਾਮਦੇਵ ਵੀ ਛੜੇ ਹਨ, ਜਣੀ ਕਿ ਹਾਲੇ ਤੀਕ ਕੁਆਰੇ ਹੀ ਹਨ- ਫਿਰ ਇਹਨਾਂ ਦੀ ਕਾਮਯਾਬੀ ਪਿਛੇ ਕਿਹੜੀ ਔਰਤ ਹੈ? (35)
4. ਸੋਚ ਏਨੀ ਬਦਲ ਗਈ ਹੈ ਕਿ ਗੁਰੂ ਦੀ ਜਗਾਹ ਗੂਗਲ ਨੂੰ ਦੇ ਦਿੱਤੀ ਹੈ। (35)
5. ਸੁਣੀਆਂ ਸੁਣਾਈਆਂ ਗੱਲਾਂ ਤੇ ਭਰੋਸਾ, ਰੱਬ ਨਾਲੋਂ ਵੀ ਜ਼ਿਆਦਾ, ਪਰ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਤੋਂ ਕਰੋਨਾ ਦੀ ਬੀਮਾਰੀ ਨਾਲੋਂ ਵੀ ਵੱਧ ਦੂਰੀ ਬਣਾ ਕੇ ਰੱਖੀ ਹੋਈ ਹੈ। (54)
6. ਜਿਸ ਤਰ੍ਹਾਂ ਪਾਣੀ ਦਿਨੋਂ ਦਿਨ ਨੀਵਾਂ ਤੇ ਤੇਜ਼ਾਬੀ ਹੋ ਰਿਹੈ- ਉਵੇਂ ਸਾਡੇ ਸਬੰਧ ਤੇ ਰਿਸ਼ਤੇ, ਭਾਈਚਾਰਾ, ਮਤਲਬੀ ਤੇ ਰੁੱਖਾ ਹੁੰਦਾ ਜਾ ਰਿਹਾ ਹੈ। (55)
7. ਸਵੇਰੇ ਸਵੇਰੇ ਕਿਸੇ ਯੋਗਾ ਗੁਰੂ ਦੇ ਕਹਿਣ ਤੇ, ਮੂੰਹ ਉੱਪਰ ਕਰਕੇ ਹਾ-ਹਾ, ਹੀ-ਹੀ ਨਾਲ ਜਾਂ ਜ਼ੋਰ ਜ਼ੋਰ ਦੀ ਦੋਵੇਂ ਹੱਥਾਂ ਨਾਲ ਤਾੜੀਆਂ ਮਾਰ ਮਾਰ ਕੇ ਖੁਸ਼ੀਆਂ ਤੇ ਮੁਸਕਾਨਾਂ ਦੀ ਆਮਦ ਨਹੀਂ ਹੁੰਦੀ। (55)
8. ਰੀਟਾਇਰ ਬੰਦਿਆਂ ਨੂੰ ਕਦੀ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਉਹਨਾਂ ਲਈ ਢਲਦੀ ਉਮਰੇ ਜਿਉਣ ਦਾ ਕੋਈ ਮਤਲਬ ਨਹੀਂ ਰਹਿ ਗਿਆ- ਦੋਸਤੋ, ਡਰਾਈ ਫਰੂਟ ਹਮੇਸ਼ਾ ਫ਼ਰੈਸ਼ ਫਰੂਟ ਤੋਂ ਮਹਿੰਗੇ ਹੁੰਦੇ ਹਨ। (65)
9. ਜੀਵਨ ਦੀ ਹਰ ਮੁਸ਼ਕਿਲ, ਟ੍ਰੈਫ਼ਿਕ ਦੀ ਲਾਲ ਬੱਤੀ ਵਰਗੀ ਹੁੰਦੀ ਹੈ। ਥੋੜ੍ਹਾ ਚਿਰ ਇੰਤਜ਼ਾਰ ਜਾਂ ਸਬਰ ਕਰ ਲਿਆ ਤਾਂ ਫਿਰ ਤੋਂ ਹਰੀ ਹੋ ਜਾਵੇਗੀ। (69)
10. ਲੰਦਨ ਵਿੱਚ ਇੱਕ ਜ਼ਮਾਨੇ- ਮਜ਼ਦੂਰ ਨੂੰ ਉਹਦੇ ਕੰਮ ਖਤਮ ਹੋਣ ਤੋਂ ਬਾਦ ਜਾਂਦੇ ਸਮੇਂ ਸ਼ਾਮ ਨੂੰ ਇੱਕ ਗਲਾਸ ਦਾਰੂ ਦਿੱਤੀ ਜਾਂਦੀ ਸੀ ਜਿਸਨੂੰ ਲੋਕ 'ਪ੍ਰੈਸ਼ੀਅਸ ਈਵਨਿੰਗ ਗਲਾਸ' ਕਹਿੰਦੇ ਸਨ। ਬਾਦ ਵਿੱਚ ਇਹੋ ਹੀ 'ਪੈਗ' ਕਹਿਲਾਇਆ। (69)
11. ਬਾਬੇ ਤਾਂ ਸਾਧਾਂ, ਸੰਤਾਂ ਦੇ ਡੇਰਿਆਂ ਤੇ ਹੋਇਆ ਕਰਦੇ ਨੇ। ਸੀਨੀਅਰ ਸਿਟੀਜ਼ਨਾਂ ਨੂੰ 'ਬਾਬੇ' ਕਹਿਣਾ ਗੋਲੀ ਮਾਰਨ ਦੇ ਤੁੱਲ ਹੈ। (76)
12. ਪਤਨੀ ਦੇ ਨਾਲ ਬੈਠੇ ਰਹਿਣਾ ਬੜਾ ਆਸਾਨ ਹੈ, ਪਰ ਉਹਦੇ ਨਾਲ ਖੜ੍ਹੇ ਰਹਿਣਾ ਬਹੁਤ ਔਖਾ ਹੈ। ਜੋ ਨਾਲ ਖੜ੍ਹ ਗਿਆ, ਉਸਦੇ ਘਰ ਕਦੇ ਤਰੇੜਾਂ ਨਹੀਂ ਆਉਣਗੀਆਂ। (85)
13. ਜਿਸਨੂੰ ਗੋਡੇ ਮੋੜ ਕੇ ਸੌਣਾ ਆ ਗਿਆ, ਉਸਦੇ ਜੀਵਨ ਵਿੱਚ ਕੋਈ ਵੀ ਚਾਦਰ ਜਾਂ ਮੰਜੀ ਛੋਟੀ ਨਹੀਂ ਹੁੰਦੀ। (86)
14. ਇਨਸਾਨ ਬਿਨਾਂ ਕਿਸੇ ਮਹੂਰਤ ਦੇ ਪੈਦਾ ਹੋਇਆ ਸੀ, ਬਿਨਾਂ ਮਹੂਰਤ ਦੇ ਮਰ ਜਾਵੇਗਾ। ਫਿਰ ਕਿਉਂ ਸਾਰੀ ਉਮਰ ਸ਼ੁਭ ਮਹੂਰਤ, ਸ਼ੁਭ ਦਿਨ ਦੇ ਮਗਰ ਭੱਜਿਆ ਫਿਰਦਾ ਰਹਿੰਦਾ ਹੈ। (97)

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤ੍ਰਿਲੋਕ ਢਿੱਲੋਂ ਦੀ ਇਹ ਕਿਤਾਬ ਵੀ ਉਹਦੀ ਪਿਛਲੀ ਕਿਤਾਬ ਵਾਂਗ ਹਾਸ-ਵਿਅੰਗ ਵਿੱਚ ਝੰਡੇ ਗੱਡੇਗੀ! ਮੌਜੂਦਾ ਜੀਵਨ ਦੀਆਂ ਵਿਸੰਗਤੀਆਂ, ਸਮੱਸਿਆਵਾਂ, ਥੁੜਾਂ ਤੇ ਔਕੜਾਂ ਵਾਲੇ ਮਾਹੌਲ ਵਿੱਚ ਇਹ ਲੇਖ ਹਾਸ-ਵਿਅੰਗ ਦਾ ਛੱਟਾ ਦੇ ਕੇ ਜੀਵਨ ਨੂੰ ਖੁਸ਼ਗਵਾਰ ਬਣਾਉਣ ਵਿੱਚ ਭਰਪੂਰ ਸਹਾਈ ਹੋਣਗੇ!






# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



GURDIP S SANDHU




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA

WE HAVE THE CHEAPEST FARES TO INDIA

# LEGEND TRAVEL

arc accredited agency
CST # 207524-40

Special Fares To India From West-coast (us) On Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰਫ਼ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਸਟੈਥੋਸਕੋਪ ਤੋਂ ਪਰੇ: ਕੱਲ੍ਹ ਦੇ ਡਾਕਟਰਾਂ ਨੂੰ ਦਵਾਈ ਤੋਂ ਵੱਧ ਦੀ ਲੋੜ ਕਿਉਂ ਹੈ

ਇੱਕ ਸਮਾਂ ਸੀ ਜਦੋਂ ਡਾਕਟਰ ਦੀ ਪਹਿਚਾਣ ਉਸਦੇ ਚਿੱਟੇ ਕੋਟ, ਸਟੈਥੋਸਕੋਪ ਅਤੇ ਦਵਾਈਆਂ ਦੇ ਗਿਆਨ ਨਾਲ ਹੁੰਦੀ ਸੀ। ਮਰੀਜ਼ ਡਾਕਟਰ ਕੋਲ ਜਾਂਦਾ, ਆਪਣੀ ਸਮੱਸਿਆ ਦੱਸਦਾ, ਜਾਂਚ ਹੁੰਦੀ ਅਤੇ ਦਵਾਈ ਲਿਖ ਦਿੱਤੀ ਜਾਂਦੀ। ਪਰ 21ਵੀਂ ਸਦੀ ਦੀ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਸਿਹਤ ਸੇਵਾਵਾਂ ਦਾ ਰੂਪ ਪੂਰੀ ਤਰ੍ਹਾਂ ਬਦਲ ਰਿਹਾ ਹੈ। ਹੁਣ ਸਿਰਫ਼ ਦਵਾਈਆਂ ਦਾ ਗਿਆਨ ਇੱਕ ਚੰਗਾ ਡਾਕਟਰ ਬਣਨ ਲਈ ਕਾਫ਼ੀ ਨਹੀਂ ਰਹਿ ਗਿਆ। ਆਉਣ ਵਾਲੇ ਸਮੇਂ ਵਿੱਚ ਡਾਕਟਰਾਂ ਨੂੰ ਤਕਨਾਲੋਜੀ, ਸੰਚਾਰ ਕੌਸ਼ਲ, ਮਾਨਸਿਕ ਸਿਹਤ, ਡਾਟਾ ਵਿਸ਼ਲੇਸ਼ਣ ਅਤੇ ਮਨੁੱਖੀ ਸੰਵੇਦਨਾਵਾਂ ਦੀ ਵੀ ਗਹਿਰੀ ਸਮਝ ਹੋਣੀ ਲਾਜ਼ਮੀ ਹੋਵੇਗੀ।

ਭਵਿੱਖ ਦਾ ਡਾਕਟਰ ਸਿਰਫ਼ ਬਿਮਾਰੀ ਦਾ ਇਲਾਜ ਕਰਨ ਵਾਲਾ ਵਿਅਕਤੀ ਨਹੀਂ ਹੋਵੇਗਾ, ਸਗੋਂ ਉਹ ਇੱਕ ਮਾਰਗਦਰਸ਼ਕ, ਤਕਨੀਕੀ ਵਿਸ਼ੇਸ਼ਗਿਆਨ, ਮਨੋਵਿਗਿਆਨਕ ਸਹਾਇਕ ਅਤੇ ਸਮਾਜਿਕ ਸਿਹਤ ਨੇਤਾ ਵੀ ਹੋਵੇਗਾ।

### ਸਿਹਤ ਸੇਵਾਵਾਂ ਦੀ ਬਦਲਦੀ ਦੁਨੀਆ

ਕ੍ਰਿਤ੍ਰਿਮ ਬੁੱਧੀ , ਰੋਬੋਟਿਕਸ ਅਤੇ ਡਿਜ਼ਿਟਲ ਤਕਨਾਲੋਜੀ ਨੇ ਸਿਹਤ ਖੇਤਰ ਵਿੱਚ ਵੱਡਾ ਬਦਲਾਅ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਕਈ ਹਸਪਤਾਲਾਂ ਵਿੱਚ ਮਸ਼ੀਨਾਂ ਐਕਸ-ਰੇ ਅਤੇ ਸਕੈਨ ਰਿਪੋਰਟਾਂ ਮਨੁੱਖਾਂ ਨਾਲੋਂ ਤੇਜ਼ ਪੜ੍ਹ ਸਕਦੀਆਂ ਹਨ। ਏਆਈ ਅਧਾਰਿਤ ਪ੍ਰਣਾਲੀਆਂ ਕੈਂਸਰ ਵਰਗੀਆਂ ਬਿਮਾਰੀਆਂ ਦੀ ਪਹਿਲੇ ਪੜਾਅ ਵਿੱਚ ਪਛਾਣ ਕਰਨ ਲੱਗੀਆਂ ਹਨ।

ਇਸ ਨਾਲ ਇੱਕ ਵੱਡਾ ਸਵਾਲ ਉੱਠਦਾ ਹੈ ਜੇ ਮਸ਼ੀਨਾਂ ਜਾਂਚ ਅਤੇ ਵਿਸ਼ਲੇਸ਼ਣ ਕਰ ਲੈਣਗੀਆਂ ਤਾਂ ਡਾਕਟਰ ਦੀ ਭੂਮਿਕਾ ਕੀ ਰਹੇਗੀ?

ਇਸਦਾ ਜਵਾਬ ਇਹ ਹੈ ਕਿ ਭਵਿੱਖ ਵਿੱਚ ਡਾਕਟਰ ਦੀ ਸਭ ਤੋਂ ਵੱਡੀ ਤਾਕਤ ਉਸਦੀ "ਮਨੁੱਖੀ ਸਮਝ" ਹੋਵੇਗੀ। ਮਸ਼ੀਨਾਂ ਡਾਟਾ ਪੜ੍ਹ ਸਕਦੀਆਂ ਹਨ, ਪਰ ਉਹ ਮਰੀਜ਼ ਦੇ ਡਰ, ਚਿੰਤਾ, ਪਰਿਵਾਰਕ ਹਾਲਾਤ ਅਤੇ ਭਾਵਨਾਵਾਂ ਨੂੰ ਮਨੁੱਖ ਵਾਂਗ ਨਹੀਂ ਸਮਝ ਸਕਦੀਆਂ।

### ਦਵਾਈ ਦੇ ਨਾਲ ਸੰਚਾਰ ਵੀ ਲਾਜ਼ਮੀ

ਅੱਜ ਮਰੀਜ਼ ਸਿਰਫ਼ ਇਲਾਜ ਨਹੀਂ ਚਾਹੁੰਦਾ, ਉਹ ਇਹ ਵੀ ਚਾਹੁੰਦਾ ਹੈ ਕਿ ਡਾਕਟਰ ਉਸਦੀ ਗੱਲ ਧਿਆਨ ਨਾਲ ਸੁਣੇ। ਕਈ ਵਾਰ ਮਰੀਜ਼ ਦੀ ਅੱਧੀ ਪਰੇਸ਼ਾਨੀ ਉਸਦੀ ਬਿਮਾਰੀ ਨਹੀਂ, ਸਗੋਂ ਉਸਦਾ ਮਾਨਸਿਕ ਤਣਾਅ ਹੁੰਦਾ ਹੈ।

ਇਸ ਲਈ ਭਵਿੱਖ ਦੇ ਡਾਕਟਰਾਂ ਨੂੰ ਸਿੱਖਣਾ ਹੋਵੇਗਾ
ਮਰੀਜ਼ ਨਾਲ ਸਹਾਨੁਭੂਤੀ ਨਾਲ ਗੱਲ ਕਰਨੀ
ਜਟਿਲ ਮੈਡੀਕਲ ਜਾਣਕਾਰੀ ਨੂੰ ਆਸਾਨ ਭਾਸ਼ਾ ਵਿੱਚ ਸਮਝਾਉਣਾ
ਮਰੀਜ਼ ਅਤੇ ਪਰਿਵਾਰ ਨੂੰ ਭਾਵਨਾਤਮਕ ਸਹਾਇਤਾ ਦੇਣਾ
ਤਣਾਅ ਅਤੇ ਡਰ ਨਾਲ ਜੂਝ ਰਹੇ ਲੋਕਾਂ ਨੂੰ ਮਾਨਸਿਕ ਹੌਸਲਾ ਦੇਣਾ

ਸਭ ਤੋਂ ਵਧੀਆ ਡਾਕਟਰ ਉਹ ਹੋਵੇਗਾ ਜੋ ਮਰੀਜ਼ ਨੂੰ ਸਿਰਫ਼ "ਕੇਸ" ਨਹੀਂ, ਸਗੋਂ ਇੱਕ "ਇਨਸਾਨ" ਵਜੋਂ ਵੇਖੇ।

### ਤਕਨਾਲੋਜੀ ਦੀ ਸਮਝ ਹੋਵੇਗੀ ਜ਼ਰੂਰੀ

ਭਵਿੱਖ ਵਿੱਚ ਸਿਹਤ ਸੇਵਾਵਾਂ ਪੂਰੀ ਤਰ੍ਹਾਂ ਡਿਜ਼ਿਟਲ ਹੋ ਸਕਦੀਆਂ ਹਨ। ਟੈਲੀਮੈਡੀਸਿਨ, ਇਲੈਕਟ੍ਰਾਨਿਕ ਮੈਡੀਕਲ ਰਿਕਾਰਡ, ਰੋਬੋਟਿਕ ਸਰਜਰੀ ਅਤੇ ਏਆਈ ਅਧਾਰਿਤ ਡਾਇਗਨੋਸਿਸ ਆਮ ਗੱਲ ਬਣ ਜਾਣਗੇ।

ਇਸ ਲਈ ਡਾਕਟਰਾਂ ਨੂੰ ਸਿਰਫ਼ ਐਨਾਟਮੀ ਅਤੇ ਫਾਰਮਾਕੋਲੋਜੀ ਹੀ ਨਹੀਂ, ਸਗੋਂ ਤਕਨੀਕੀ ਪ੍ਰਣਾਲੀਆਂ ਦੀ ਵੀ ਸਮਝ ਰੱਖਣੀ ਪਵੇਗੀ।

ਉਨ੍ਹਾਂ ਨੂੰ ਸਿੱਖਣਾ ਪਵੇਗਾ
ਮੈਡੀਕਲ ਡਾਟਾ ਵਿਸ਼ਲੇਸ਼ਣ
ਏਆਈ ਟੂਲਾਂ ਦੀ ਵਰਤੋਂ
ਡਿਜ਼ਿਟਲ ਸਿਹਤ ਪਲੇਟਫਾਰਮਾਂ ਦਾ ਸੰਚਾਲਨ
ਮਰੀਜ਼ ਦੇ ਡਾਟਾ ਦੀ ਗੋਪਨੀਯਤਾ ਅਤੇ ਸਾਇਬਰ ਸੁਰੱਖਿਆ

ਭਵਿੱਖ ਵਿੱਚ "ਤਕਨਾਲੋਜੀ ਤੋਂ ਡਰਣ ਵਾਲਾ ਡਾਕਟਰ" ਸ਼ਾਇਦ ਪਿੱਛੇ ਰਹਿ ਜਾਵੇ।

### ਮਾਨਸਿਕ ਸਿਹਤ ਦੀ ਵਧਦੀ ਮਹੱਤਤਾ

ਆਧੁਨਿਕ ਜੀਵਨਸ਼ੈਲੀ ਕਾਰਨ ਮਾਨਸਿਕ ਸਿਹਤ ਸਮੱਸਿਆਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਤਣਾਅ, ਚਿੰਤਾ, ਇਕਲਾਪਨ ਅਤੇ ਡਿਪ੍ਰੈਸ਼ਨ ਹੁਣ ਹਰ ਉਮਰ ਦੇ ਲੋਕਾਂ ਵਿੱਚ ਵੇਖੇ ਜਾ ਰਹੇ ਹਨ।

ਭਵਿੱਖ ਦਾ ਡਾਕਟਰ ਸਿਰਫ਼ ਸਰੀਰਕ ਬਿਮਾਰੀਆਂ ਦਾ ਵਿਸ਼ੇਸ਼ਗਿਆਨ ਨਹੀਂ ਹੋਵੇਗਾ। ਉਸਨੂੰ ਮਾਨਸਿਕ ਸਿਹਤ ਦੀ ਵੀ ਸਮਝ ਹੋਣੀ ਚਾਹੀਦੀ ਹੈ, ਕਿਉਂਕਿ ਕਈ ਵਾਰ ਸਰੀਰਕ ਸਮੱਸਿਆਵਾਂ ਦੇ ਪਿੱਛੇ ਮਾਨਸਿਕ ਤਣਾਅ ਹੁੰਦਾ ਹੈ।

### ਟੀਮਵਰਕ ਅਤੇ ਨੇਤ੍ਰਿਤਵ ਦੀ ਲੋੜ

ਪੁਰਾਣੇ ਸਮੇਂ ਵਿੱਚ ਡਾਕਟਰ ਅਕੇਲਾ ਫੈਸਲਾ ਲੈਂਦਾ ਸੀ, ਪਰ ਹੁਣ ਸਿਹਤ ਸੇਵਾਵਾਂ ਇੱਕ ਟੀਮ ਦੇ ਰੂਪ ਵਿੱਚ ਕੰਮ ਕਰਦੀਆਂ ਹਨ। ਇੱਕ ਮਰੀਜ਼ ਦੇ ਇਲਾਜ ਵਿੱਚ ਡਾਕਟਰ, ਨਰਸ, ਲੈਬ ਵਿਸ਼ੇਸ਼ਗਿਆਨ, ਮਨੋਵਿਗਿਆਨੀ, ਫਿਜ਼ਿਓਥੈਰੇਪਿਸਟ ਅਤੇ ਤਕਨੀਕੀ ਮਾਹਿਰ ਸਾਰੇ ਮਿਲ ਕੇ ਕੰਮ ਕਰਦੇ ਹਨ।

ਇਸ ਲਈ ਕੱਲ੍ਹ ਦੇ ਡਾਕਟਰਾਂ ਨੂੰ ਟੀਮ ਮੈਨੇਜਮੈਂਟ ਅਤੇ ਲੀਡਰਸ਼ਿਪ ਵੀ ਸਿੱਖਣੀ ਪਵੇਗੀ।

### ਨੈਤਿਕਤਾ ਦੀ ਨਵੀਂ ਕਸੌਟੀ

ਏਆਈ ਅਤੇ ਜੈਨੇਟਿਕ ਤਕਨਾਲੋਜੀ ਦੇ ਵਧਦੇ ਪ੍ਰਭਾਵ ਨਾਲ ਮੈਡੀਕਲ ਖੇਤਰ ਵਿੱਚ ਕਈ ਨੈਤਿਕ ਸਵਾਲ ਵੀ ਖੜੇ ਹੋ ਰਹੇ ਹਨ

ਕੀ ਮਸ਼ੀਨਾਂ 'ਤੇ ਪੂਰੀ ਤਰ੍ਹਾਂ ਭਰੋਸਾ ਕੀਤਾ ਜਾ ਸਕਦਾ ਹੈ?
ਮਰੀਜ਼ ਦਾ ਡਾਟਾ ਕਿੰਨਾ ਸੁਰੱਖਿਅਤ ਹੈ?
ਕੀ ਹਰ ਵਿਅਕਤੀ ਨੂੰ ਇੱਕੋ ਜਿਹੀਆਂ ਸਿਹਤ ਸੇਵਾਵਾਂ ਮਿਲ ਸਕਣਗੀਆਂ?
ਕੀ ਭਵਿੱਖ ਵਿੱਚ ਇਲਾਜ ਸਿਰਫ਼ ਅਮੀਰ ਲੋਕਾਂ ਤੱਕ ਸੀਮਿਤ ਰਹਿ ਜਾਵੇਗਾ?

ਇਨ੍ਹਾਂ ਸਵਾਲਾਂ ਦੇ ਜਵਾਬ ਸਿਰਫ਼ ਤਕਨਾਲੋਜੀ ਨਹੀਂ ਦੇ ਸਕਦੀ। ਇਸ ਲਈ ਸੰਵੇਦਨਸ਼ੀਲ ਅਤੇ ਨੈਤਿਕ ਡਾਕਟਰਾਂ ਦੀ ਲੋੜ ਹੋਵੇਗੀ।

### ਮੈਡੀਕਲ ਸਿੱਖਿਆ ਵਿੱਚ ਬਦਲਾਅ ਦੀ ਲੋੜ

ਅੱਜ ਵੀ ਕਈ ਮੈਡੀਕਲ ਕਾਲਜਾਂ ਵਿੱਚ ਪੜ੍ਹਾਈ ਦਾ ਕੇਂਦਰ ਰਟਨ ਅਤੇ ਪ੍ਰੀਖਿਆਵਾਂ ਹਨ। ਪਰ ਭਵਿੱਖ ਦੀਆਂ ਚੁਣੌਤੀਆਂ ਲਈ ਇਹ ਕਾਫ਼ੀ ਨਹੀਂ ਹੋਵੇਗਾ।

ਮੈਡੀਕਲ ਸਿੱਖਿਆ ਵਿੱਚ ਹੁਣ ਸ਼ਾਮਲ ਹੋਣਾ ਚਾਹੀਦਾ ਹੈ
ਸੰਚਾਰ ਕੌਸ਼ਲ
ਏਆਈ ਅਤੇ ਡਿਜ਼ਿਟਲ ਸਿਹਤ
ਮਾਨਸਿਕ ਸਿਹਤ ਸਿਖਲਾਈ
ਡਾਟਾ ਵਿਸ਼ਲੇਸ਼ਣ
ਨੈਤਿਕ ਫੈਸਲੇ ਕਰਨ ਦੀ ਯੋਗਤਾ
ਸਮੁਦਾਇਕ ਸਿਹਤ ਦੀ ਸਮਝ

### ਮਰੀਜ਼ਾਂ ਦੀਆਂ ਉਮੀਦਾਂ ਵੀ ਬਦਲ ਰਹੀਆਂ ਹਨ

ਅੱਜ ਦਾ ਮਰੀਜ਼ ਇੰਟਰਨੈੱਟ 'ਤੇ ਜਾਣਕਾਰੀ ਪੜ੍ਹ ਕੇ ਡਾਕਟਰ ਕੋਲ ਆਉਂਦਾ ਹੈ। ਉਹ ਸਵਾਲ ਪੁੱਛਦਾ ਹੈ, ਇਲਾਜ ਦੇ ਵਿਕਲਪ ਜਾਣਨਾ ਚਾਹੁੰਦਾ ਹੈ ਅਤੇ ਆਪਣੀ ਸਿਹਤ ਨਾਲ ਜੁੜੇ ਫੈਸਲਿਆਂ ਵਿੱਚ ਹਿੱਸਾ ਲੈਣਾ ਚਾਹੁੰਦਾ ਹੈ।

ਇਸ ਲਈ ਭਵਿੱਖ ਦਾ ਡਾਕਟਰ ਸਿਰਫ਼ ਹੁਕਮ ਦੇਣ ਵਾਲਾ ਨਹੀਂ, ਸਗੋਂ ਇੱਕ ਸਹਿਯੋਗੀ ਅਤੇ ਮਾਰਗਦਰਸ਼ਕ ਹੋਵੇਗਾ।

### ਨਿਸ਼ਕਰਸ਼

ਸਟੈਥੋਸਕੋਪ ਅੱਜ ਵੀ ਡਾਕਟਰ ਦੀ ਪਹਿਚਾਣ ਹੈ, ਪਰ ਭਵਿੱਖ ਦਾ ਡਾਕਟਰ ਸਿਰਫ਼ ਸਟੈਥੋਸਕੋਪ ਅਤੇ ਦਵਾਈਆਂ ਤੱਕ ਸੀਮਿਤ ਨਹੀਂ ਰਹੇਗਾ। ਉਸਨੂੰ ਤਕਨਾਲੋਜੀ ਸਮਝਣੀ ਪਵੇਗੀ, ਮਾਨਸਿਕ ਸਿਹਤ ਨੂੰ ਮਹੱਤਵ ਦੇਣਾ ਪਵੇਗਾ ਅਤੇ ਮਰੀਜ਼ਾਂ ਨਾਲ ਮਨੁੱਖੀ ਰਿਸ਼ਤਾ ਬਣਾਉਣਾ ਪਵੇਗਾ।

ਆਉਣ ਵਾਲੇ ਸਮੇਂ ਵਿੱਚ ਸਭ ਤੋਂ ਸਫਲ ਡਾਕਟਰ ਉਹ ਹੋਣਗੇ ਜੋ ਵਿਗਿਆਨ ਅਤੇ ਸੰਵੇਦਨਾ, ਡਾਟਾ ਅਤੇ ਦਇਆ, ਤਕਨਾਲੋਜੀ ਅਤੇ ਮਨੁੱਖਤਾ ਇਨ੍ਹਾਂ ਸਭ ਦਾ ਸੰਤੁਲਨ ਬਣਾ ਸਕਣ। ਕਿਉਂਕਿ ਭਵਿੱਖ ਦੀ ਚਿਕਿਤਸਾ ਸਿਰਫ਼ ਸਰੀਰ ਦਾ ਇਲਾਜ ਨਹੀਂ ਕਰੇਗੀ, ਸਗੋਂ ਪੂਰੇ ਇਨਸਾਨ ਨੂੰ ਸਮਝਣ ਦੀ ਕੋਸ਼ਿਸ਼ ਕਰੇਗੀ।




ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ
ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ
ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER
ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM

POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road

Sacramento CA, 95828

Email: capitaldrugtest@gmail.com

Website: www.capitaldrugtest.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਸੁਹਾਗਣ ਵਿਧਵਾ

ਸੁਮਨ ਇੱਕ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਦੀ ਇੰਟਰਵਿਊ ਦੇਣ ਲਈ ਗਈ। ਉੱਥੇ ਕੋਈ ਵੀਹ ਕੁ ਜਣੇ ਆਪਣੇ ਆਪਣੇ ਕਾਗਜ਼ ਰਿਸੈਪਸ਼ਨਿਸਟ ਕੋਲ਼ ਜਮ੍ਹਾਂ ਕਰਵਾ ਰਹੇ ਸਨ। ਰਿਸੈਪਸ਼ਨਿਸਟ ਸਰੀਰਕ ਦਿੱਖ ਤੋਂ ਕਾਫ਼ੀ ਮੋਟੀ ਜਿਹੀ ਪਰ ਸੁਭਾਅ ਪੱਖੋਂ ਥੋੜ੍ਹੀ ਜਿਹੀ ਖੁਸ਼ਮਿਜ਼ਾਜ਼ ਲੱਗਦੀ ਸੀ। ਗੱਲ ਕਰਨ ਸਮੇਂ ਜਾਂ ਲਿਖਾ ਪੜ੍ਹੀ ਕਰਨ ਸਮੇਂ ਅੰਗਰੇਜ਼ੀ ਵੀ ਕੰਮ ਸਾਰਨ ਜਿੰਨੀ ਕੁ ਵਰਤਦੀ ਸੀ। ਸੁਮਨ ਸੋਚ ਰਹੀ ਸੀ ਕਿ ਆਮ ਤੌਰ ਤੇ ਪ੍ਰਾਈਵੇਟ ਕੰਪਨੀਆਂ ਵਾਲੇ ਰਿਸੈਪਸ਼ਨਿਸਟ ਇਸ ਤੋਂ ਉਲਟ ਖੂਬੀਆਂ ਵਾਲੇ ਨੂੰ ਹੀ ਰੱਖਦੇ ਹਨ ਜਿਸ ਤੋਂ ਉਸ ਨੂੰ ਲੱਗਿਆ ਕਿ ਉਸ ਨੂੰ ਸਿਫਾਰਸ਼ ਤੇ ਰੱਖਿਆ ਹੋਇਆ ਹੋਵੇਗਾ।ਉਸ ਨੂੰ ਦੇਖ ਕੇ ਉਹ ਇਹ ਵੀ ਸੋਚ ਰਹੀ ਸੀ ਕਿ ਪਤਾ ਨਹੀਂ ਉਸ ਨੂੰ ਨੌਕਰੀ ਮਿਲੇਗੀ ਜਾਂ ਨਹੀਂ , ਜਾਂ ਫਿਰ ਇੱਥੇ ਵੀ ਕੋਈ ਸਿਫਾਰਸ਼ ਵਾਲ਼ਾ ਹੀ ਰੱਖ ਲਿਆ ਜਾਵੇਗਾ।

ਆਖ਼ਰ ਸੁਮਨ ਨੂੰ ਨੌਕਰੀ ਮਿਲ਼ ਹੀ ਗਈ,ਜੋ ਉਸ ਦੇ ਮਨ ਵਿੱਚ ਡਰ ਸੀ ਉਹ ਦੂਰ ਹੋ ਗਿਆ ਸੀ। ਸੁਮਨ ਹਰ ਰੋਜ਼ ਸਕੂਲ ਡਿਊਟੀ ਤੇ ਜਾਣ ਆਉਣ ਲੱਗੀ। ਰਿਸੈਪਸ਼ਨਿਸਟ ਤੱਕ ਉਸ ਦਾ ਵਾਹ ਸਿਰਫ਼ ਸਵੇਰੇ ਤੇ ਸ਼ਾਮ ਹਾਜ਼ਰੀ ਲਾਉਣ ਵੇਲੇ 'ਗੁੱਡ ਮੋਰਨਿੰਗ ' ਜਿੰਨਾਂ ਹੀ ਪੈਂਦਾ ਸੀ। ਸੁਮਨ ਦੀ ਕਦੇ ਉਸ ਨਾਲ ਇਸ ਤੋਂ ਵੱਧ ਗੱਲ ਨਾ ਹੋਈ। ਨਾ ਹੀ ਉਸ ਨੇ ਉਸ ਨੂੰ ਕਦੇ ਸਕੂਲ ਨੂੰ ਆਉਂਦੇ ਜਾਂ ਜਾਂਦੇ ਦੇਖਿਆ ਸੀ ਕਿ ਜਿਸ ਤੋਂ ਪਤਾ ਲੱਗਦਾ ਕਿ ਉਹ ਆਪ ਆਉਂਦੀ ਸੀ ਜਾਂ ਉਸ ਦੇ ਹਸਬੈਂਡ ਛੱਡ ਕੇ ਜਾਂਦੇ ਸਨ। ਦੋ ਕੁ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਉਸ ਦਾ ਬੇਟਾ ਜਗਮੀਤ ਵੀ ਉਸੇ ਸਕੂਲ ਵਿੱਚ ਪੜ੍ਹਦਾ ਸੀ ਤੇ ਉਹ ਵੀ ਸੁਮਨ ਦੀ ਜਮਾਤ ਵਿੱਚ ਹੀ ਜਿਸ ਦੀ ਉਹ ਇੰਚਾਰਜ ਹੈ, ਜਦੋਂ ਉਹ ਆਪ ਅੱਧੀ ਛੁੱਟੀ ਵੇਲੇ ਕੱਲ੍ਹ ਨਾ ਆਉਣ ਲਈ ਉਸ ਦੀ ਛੁੱਟੀ ਲੈਣ ਲਈ ਅਰਜ਼ੀ ਦੇਣ ਆਈ ਸੀ। ਫਿਰ ਸੁਮਨ ਉਸ ਨਾ਼ਲ ਥੋੜ੍ਹੀ ਬਹੁਤ ਹੋਰ ਗੱਲ ਕਰਨ ਲੱਗੀ।ਕਦੇ ਜਗਮੀਤ ਦੇ ਟੈਸਟ ਵਿੱਚੋਂ ਘੱਟ ਨੰਬਰ ਆਉਣ ਤੇ,ਕਦੇ ਜਮਾਤ ਵਿੱਚ ਸ਼ਰਾਰਤਾਂ ਕਰਨ ਤੇ ਜਾਂ ਫਿਰ ਉਸ ਨੂੰ ਕਿਸੇ ਪ੍ਰਤੀਯੋਗਤਾ ਵਿੱਚ ਭਾਗ ਲੈਣ ਲਈ ਆਖਣ ਬਾਰੇ।

ਇੱਕ ਦਿਨ ਫਿਰ ਰਿਸੈਪਸ਼ਨਿਸਟ ਆਪਣੇ ਬੇਟੇ ਦੀ ਛੁੱਟੀ ਲਈ ਅਰਜ਼ੀ ਦੇਣ ਆਈ ਤਾਂ ਸੁਮਨ ਨੇ ਜਾਣ ਪਛਾਣ ਵਧਾਉਣ ਦੇ ਮਕਸਦ ਨਾਲ ਅਗਾਂਹ ਗੱਲ ਤੋਰੀ ,"ਪ੍ਰੀਤੀ ਮੈਡਮ, ਜਗਮੀਤ ਦੇ ਅੱਜ ਮੈਥ ਦੇ ਟੈਸਟ ਵਿੱਚੋਂ ਨੰਬਰ ਬਹੁਤ ਘੱਟ ਆਏ ਨੇ... ਹੁਣ ਪੇਪਰ ਆਉਣ ਵਾਲੇ ਨੇ ... ਤੁਸੀਂ ਇਸਨੂੰ ਬਹੁਤੀਆਂ ਛੁੱਟੀਆਂ ਨਾ ਕਰਵਾਇਆ ਕਰੋ।"

"ਜਿਸ ਦਿਨ ਫਿਰ ਮੈਂ ਨਾ ਆਉਣਾ ਹੋਵੇ...... ਉਸ ਦਿਨ ਔਖਾ ਹੋ ਜਾਂਦਾ ਹੈ.... ਮਜ਼ਬੂਰੀ ਵਿੱਚ ਹੀ ਕਰਵਾਉਣੀ ਪੈਂਦੀ ਹੈ.... !" ਉਸ ਨੇ ਜਵਾਬ ਦਿੱਤਾ।

"ਤੁਹਾਡੇ ਹਸਬੈਂਡ ਛੱਡ ਜਾਇਆ ਕਰਨ.... !" ਸੁਮਨ ਨੇ ਸਲਾਹ ਦਿੱਤੀ।

"ਉਹ.....ਹੈ ਨਹੀਂ.....।" ਰਿਸੈਪਸ਼ਨਿਸਟ ਨੇ ਤਿੰਨ ਅੱਖਰਾਂ ਵਿੱਚ ਗੱਲ ਸਪਸ਼ਟ ਕੀਤੀ।

ਸੁਮਨ ਵੀ ਚੁੱਪ ਕਰ ਗਈ ਤੇ ਉਹ ਵੀ ਕੱਲ੍ਹ ਦੀ ਅਰਜ਼ੀ ਫੜਾ ਕੇ ਚਲੀ ਗਈ। ਸੁਮਨ ਦੇ ਦਿਮਾਗ ਵਿੱਚ ਉਸ ਦੇ ਮੇਕ ਅੱਪ ਅਤੇ ਕੱਪੜੇ ਪਹਿਨਣ ਦੇ ਤੌਰ ਤਰੀਕਿਆਂ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਉੱਠਦੇ ਹਨ।

ਇੱਕ ਦਿਨ ਉਸ ਨੇ ਸਵੇਰੇ ਸਵੇਰੇ ਹੀ ਸੁਮਨ ਨੂੰ ਹਾਜ਼ਰੀ ਲਾਉਂਦੇ ਵੇਲੇ ਹੀ ਕਹਿ ਦਿੱਤਾ ਕਿ ਉਹ ਜਗਮੀਤ ਦਾ ਪੇਪਰ ਘੰਟੇ ਕੁ ਚ ਲੈ ਲਵੇ ਤਾਂ ਜੋ ਉਸ ਨੇ ਛੁੱਟੀ ਲੈ ਕੇ ਜਾਣਾ ਹੈ। ਸੁਮਨ ਨੇ ਜਮਾਤ ਦੀ ਇੰਚਾਰਜ ਹੋਣ ਦੇ ਨਾਤੇ ਕਿਹਾ ,"ਮੈਡਮ .... ਅੱਜ ਅੰਗਰੇਜ਼ੀ ਦਾ ਪੇਪਰ ਐ ..... ਤੁਸੀਂ ਅੱਜ ਤਾਂ ਇਸ ਨੂੰ ਛੁੱਟੀ ਨਾ ਕਰਵਾਉਂਦੇ.... ।"

"ਕੀ ਕਰਾਂ ਬਹੁਤ ਵੱਡੀ ਮਜ਼ਬੂਰੀ ਹੈ..... !"

"ਇਸ ਦਾ ਫਾਈਨਲ ਪੇਪਰ ਐ..... ਬੱਚਿਆਂ ਦੇ ਭਵਿੱਖ ਤੋਂ ਵੱਡੀ ਤਾਂ ਮੈਡਮ ਕੋਈ ਮਜ਼ਬੂਰੀ ਨਹੀਂ ਹੋ ਸਕਦੀ...।"

" ਕਚਹਿਰੀ....ਤਰੀਕ ਤੇ ਜਾਣਾ.....।"

"ਇਸ ਨੂੰ ਨਾ਼ਲ ਲੈ ਕੇ.....?" ਸੁਮਨ ਹੈਰਾਨ ਹੋ ਕੇ ਪੁੱਛਦੀ ਹੈ।

"ਹਾਂ..... ਇਹਦਾ ਜਾਣਾ ਵੀ ਜ਼ਰੂਰੀ ਹੈ।"

"ਕਿਸ ਕੇਸ ਵਿੱਚ ਮੈਮ....?"

"ਇਹਦੇ ਪਿਓ ਦਾ ਸਿਆਪਾ ਕਰਨਾ....।" ਰਿਸੈਪਸ਼ਨਿਸਟ ਬੋਲੀ।

ਸੁਮਨ ਉਸ ਦੀ ਇਹੋ ਜਿਹੀ ਬੋਲੀ ਸੁਣ ਕੇ ਇੱਕ ਦਮ ਬੋਲੀ,"ਮੈਮ....ਇਹ ਕੀ ਕਹਿ ਰਹੇ ਹੋ....।"

"ਤਿੰਨ ਸਾਲ ਪਹਿਲਾਂ.....ਮੇਰਾ ਘਰ ਬਹੁਤ ਵਧੀਆ ਵਸਿਆ ਹੋਇਆ ਸੀ....ਪਰ ਅਚਾਨਕ ਮੇਰੇ ਦਿਓਰ ਦੀ ਡੈਥ ਹੋ ਗਈ ..... ਸਾਰਿਆਂ ਨੇ ਆਪਣੀ ਰਜ਼ਾਮੰਦੀ ਨਾਲ ਮੈਨੂੰ ਬਿਨਾਂ ਪੁੱਛੇ.... ਮੇਰੀ ਦਰਾਣੀ ਨੂੰ ਮੇਰੇ ਆਦਮੀ ਦੇ ਸਿਰ ਧਰ ਦਿੱਤਾ.... ਉਸ ਤੋਂ ਬਾਅਦ ਮੈਂ ਪੇਕੇ ਆ ਗਈ..... ਉਹਨਾਂ ਨੇ ਮੈਨੂੰ ਇੱਥੇ ਨੌਕਰੀ ਤੇ ਲਾ ਦਿੱਤਾ..... ਕਿਉਂ ਕਿ ਸਕੂਲ ਦੇ ਮਾਲਕ ਮੇਰੇ ਮਾਮਾ ਜੀ ਨੇ.... ਤੇ ....ਜਗਮੀਤ ਦਾ ਹੱਕ ਲੈਣ ਲਈ ਕਾਨੂੰਨੀ ਲੜਾਈ ਲੜ ਰਹੀ ਆਂ..... ਵਿਧਵਾ ਮੇਰੀ ਦਰਾਣੀ ਥੋੜ੍ਹਾ ਨਾ ਹੋਈ..... ਵਿਧਵਾ ਤਾਂ ਮੈਂ ਹੋ ਗਈ....ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰ ਦਿੱਤਾ ਇਸ ਸਮਾਜ ਦੀਆਂ ਪੁੱਠੀਆਂ ਰੀਤਾਂ ਨੇ..... ਮੈਂ ਤਾਂ ਨਾਂ ਦੀ ਇੱਕ ਸੁਹਾਗਣ ਤੇ ਵਕਤ ਦੀ ਮਾਰੀ ਹੋਈ ਵਿਧਵਾ ਹਾਂ.....।" ਕਹਿੰਦੇ ਕਹਿੰਦੇ ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ।

ਸੁਮਨ ਉਸ ਦੀ ਗੱਲ ਸੁਣ ਕੇ ਇੱਕ ਦਮ ਚੁੱਪ ਹੋ ਗਈ....ਤੇ ਬਹੁਤ ਦੇਰ ਤੱਕ ਸਾਡੇ ਸਮਾਜ ਵਿਚਲੀਆਂ ਪੁੱਠੀਆਂ ਰੀਤਾਂ ਬਾਰੇ ਸੋਚਦੀ ਰਹੀ ਤੇ "ਸੁਹਾਗਣ ਵਿਧਵਾ " ਸ਼ਬਦ ਉਸ ਦੇ ਦਿਮਾ਼ਗ ਵਿੱਚ ਗੂੰਜਦਾ ਰਿਹਾ।



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਸ਼ਵ ਆਸਣ: ਤਨ-ਮਨ ਨੂੰ ਨਵੀਂ ਤਾਜ਼ਗੀ ਬਖ਼ਸ਼ਣ ਵਾਲਾ ਅਦਭੁੱਤ ਯੋਗ ਆਸਣ

ਸ਼ਵ ਆਸਣ: ਨਾਮ ਸੁਣਦਿਆਂ ਹੀ ਮਨ ਵਿੱਚ ਸ਼ਾਂਤੀ, ਨਿਸ਼ਚਲਤਾ ਅਤੇ ਆਰਾਮ ਦੀ ਇੱਕ ਅਨੋਖੀ ਤਸਵੀਰ ਉਭਰਦੀ ਹੈ। ਸ਼ਵ, ਲਾਸ਼ ਜਾਂ ਮਿਰਤਕ, ਭਾਵੇਂ ਵੱਖ-ਵੱਖ ਭਾਸ਼ਾਵਾਂ ਵਿੱਚ ਇਹਨਾਂ ਸ਼ਬਦਾਂ ਦੇ ਅਰਥ ਇੱਕੋ ਹਨ, ਪਰ ਯੋਗ ਵਿਗਿਆਨ ਵਿੱਚ "ਸ਼ਵ ਆਸਣ" ਸਿਰਫ਼ ਮੁਰਦੇ ਵਾਂਗ ਲੇਟ ਜਾਣਾ ਨਹੀਂ, ਸਗੋਂ ਸਰੀਰ ਅਤੇ ਮਨ ਨੂੰ ਪੂਰਨ ਵਿਸ਼ਰਾਮ ਦੇ ਕੇ ਆਤਮਿਕ ਸ਼ਾਂਤੀ ਨਾਲ ਜੋੜਨ ਦੀ ਇੱਕ ਅਦਭੁੱਤ ਕਲਾ ਹੈ।

ਅੱਜ ਦੇ ਤੇਜ਼ ਰਫ਼ਤਾਰ ਅਤੇ ਤਣਾਅ ਭਰੇ ਜੀਵਨ ਵਿੱਚ ਮਨੁੱਖ ਸਰੀਰਕ ਅਤੇ ਮਾਨਸਿਕ ਥਕਾਵਟ ਨਾਲ ਘਿਰਿਆ ਹੋਇਆ ਹੈ। ਖਾਸ ਕਰਕੇ ਮਈ-ਜੂਨ ਦੀਆਂ ਅੱਤ ਦੀਆਂ ਗਰਮੀਆਂ ਵਿੱਚ ਸਰੀਰ ਥਕਾਵਟ, ਬੇਚੈਨੀ ਅਤੇ ਕਮਜ਼ੋਰੀ ਮਹਿਸੂਸ ਕਰਦਾ ਹੈ। ਅਜਿਹੇ ਸਮੇਂ ਵਿੱਚ ਸ਼ਵ ਆਸਣ ਇੱਕ ਕੁਦਰਤੀ ਠੰਡਕ ਵਾਂਗ ਕੰਮ ਕਰਦਾ ਹੈ। ਇਹ ਸਰੀਰ ਦੀ ਗਰਮੀ ਘਟਾਉਂਦਾ ਹੈ, ਧੁੱਪ ਕਾਰਨ ਹੋਈ ਥਕਾਵਟ ਨੂੰ ਦੂਰ ਕਰਦਾ ਹੈ ਅਤੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਦੇ ਨਿਯਮਿਤ ਅਭਿਆਸ ਨਾਲ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਧੜਕਣ ਸੰਤੁਲਿਤ ਰਹਿੰਦੇ ਹਨ। ਗਰਮੀਆਂ ਵਿੱਚ ਅਕਸਰ ਪ੍ਰਭਾਵਿਤ ਹੋਣ ਵਾਲੀ ਨੀਂਦ ਵੀ ਸੁਧਰਦੀ ਹੈ ਅਤੇ ਡੀਹਾਈਡਰੇਸ਼ਨ ਨਾਲ ਜੁੜੀ ਬੇਚੈਨੀ ਘਟਦੀ ਹੈ। ਇਸ ਤੋਂ ਇਲਾਵਾ ਯੋਗ ਦੇ ਅਨੇਕਾਂ ਆਸਨਾਂ ਵਿੱਚ ਸ਼ਵ ਆਸਣ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ। ਇਸ ਆਸਣ ਦੌਰਾਨ ਸਰੀਰ ਪੂਰੀ ਤਰ੍ਹਾਂ ਸਥਿਰ ਹੋ ਜਾਂਦਾ ਹੈ, ਹਰ ਕਿਸਮ ਦੀ ਗਤੀ ਠਹਿਰ ਜਾਂਦੀ ਹੈ ਅਤੇ ਮਨ ਹੌਲੀ-ਹੌਲੀ ਸ਼ਾਂਤੀ ਦੇ ਗਹਿਰੇ ਅਹਿਸਾਸ ਵੱਲ ਵਧਦਾ ਹੈ। ਇਹ ਸਾਨੂੰ ਆਰਾਮ ਕਰਨਾ ਸਿਖਾਉਂਦਾ ਹੈ, ਚੇਤਨਾ ਨੂੰ ਜਗਾਉਂਦਾ ਹੈ ਅਤੇ ਸਰੀਰ ਤੇ ਮਨ ਨੂੰ ਤਰੋਤਾਜ਼ਾ ਕਰਦਾ ਹੈ।

ਕੇਵਲ 15 ਤੋਂ 20 ਮਿੰਟ ਤੱਕ ਕੀਤਾ ਗਿਆ ਇਹ ਆਸਣ ਸਰੀਰ ਵਿੱਚ ਨਵੀਂ ਊਰਜਾ ਭਰ ਦਿੰਦਾ ਹੈ। ਖਿਡਾਰੀਆਂ ਲਈ ਤਾਂ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ। ਲੰਬੀ ਦੌੜ (ਕਰਾਸ ਕੰਟਰੀ) ਤੋਂ ਬਾਅਦ ਜਦੋਂ ਖਿਡਾਰੀ ਮੈਦਾਨ ਵਿੱਚ ਪਿੱਠ ਦੇ ਭਾਰ ਸਿੱਧੇ ਲੇਟ ਕੇ ਸਰੀਰ ਨੂੰ ਪੂਰੀ ਤਰ੍ਹਾਂ ਢਿੱਲਾ ਛੱਡਦੇ ਹਨ, ਦੋਵੇਂ ਹੱਥ ਸਰੀਰ ਤੋਂ ਕੁਝ ਦੂਰ ਰੱਖੋ ਅਤੇ ਹਥੇਲੀਆਂ ਨੂੰ ਉੱਪਰ ਵੱਲ ਖੁੱਲ੍ਹਾ ਛੱਡ ਦਿਓ। ਅੱਖਾਂ ਬੰਦ ਕਰਕੇ ਮਨ ਨੂੰ ਇੱਕ ਬਿੰਦੂ 'ਤੇ ਕੇਂਦਰਿਤ ਕਰੋ। ਹੁਣ ਕਲਪਨਾ ਕਰੋ ਕਿ ਤੁਸੀਂ ਖੁੱਲ੍ਹੇ ਨੀਲੇ ਅਸਮਾਨ ਵਿੱਚ ਆਜ਼ਾਦ ਪੰਛੀਆਂ ਦੇ ਨਾਲ ਉਡ ਰਹੇ ਹੋ।

ਕਦੇ ਰੂਈ ਵਰਗੇ ਸਫੈਦ ਬੱਦਲਾਂ ਵਿੱਚ ਖੋ ਜਾਓ, ਕਦੇ ਦੂਰ ਦਰੱਖਤਾਂ 'ਤੇ ਬੈਠੇ ਪੰਛੀਆਂ ਦੀ ਮਿੱਠੀ ਚਹਚਹਾਹਟ ਆਪਣੇ ਅੰਦਰ ਉਤਾਰੋ। ਹਵਾ ਦੀ ਨਰਮ ਛੋਹ ਅਤੇ ਕੁਦਰਤ ਦੀ ਖਾਮੋਸ਼ ਧੁਨ ਮਨ ਨੂੰ ਇਕ ਅਜਿਹੀ ਸ਼ਾਂਤੀ ਨਾਲ ਭਰ ਦਿੰਦਾ ਹੈ ਅਤੇ ਅੰਦਰ ਇਕ ਅਨੋਖੀ ਤਾਜ਼ਗੀ ਜਨਮ ਲੈ ਰਹੀ ਹੁੰਦੀ ਹੈ ਜਿਸਦਾ ਸ਼ਬਦਾਂ ਵਿੱਚ ਵਰਣਨ ਕਰਨਾ ਮੁਸ਼ਕਲ ਹੈ।

ਅੱਤ ਦੇ ਤਣਾਅ ਅਤੇ ਮਾਨਸਿਕ ਦਬਾਅ ਨਾਲ ਪੀੜਤ ਲੋਕਾਂ ਲਈ ਸ਼ਵ ਆਸਣ ਕਿਸੇ "ਸੰਜੀਵਨੀ ਬੂਟੀ" ਤੋਂ ਘੱਟ ਨਹੀਂ। ਇਹ ਮਨ ਨੂੰ ਸ਼ਾਂਤ ਕਰਦਾ ਹੈ, ਗੁੱਸੇ 'ਤੇ ਕਾਬੂ ਪਾਉਣ ਵਿੱਚ ਮਦਦ ਕਰਦਾ ਹੈ ਅਤੇ ਮਾਨਸਿਕ ਰੋਗਾਂ ਤੋਂ ਰਾਹਤ ਪ੍ਰਦਾਨ ਕਰਦਾ ਹੈ।

ਅਸਲ ਵਿੱਚ, ਸ਼ਵ ਆਸਣ ਸਿਰਫ਼ ਇੱਕ ਯੋਗ ਆਸਣ ਨਹੀਂ, ਸਗੋਂ ਆਪਣੇ ਆਪ ਨਾਲ ਜੁੜਨ ਦਾ ਇੱਕ ਸੁੰਦਰ ਅਨੁਭਵ ਹੈ। ਜੇ ਮਨੁੱਖ ਹਰ ਰੋਜ਼ ਕੁਝ ਸਮਾਂ ਇਸ ਆਸਣ ਲਈ ਕੱਢੇ, ਤਾਂ ਨਾ ਕੇਵਲ ਸਰੀਰ ਚੁਸਤ-ਦੁਰੁਸਤ ਰਹੇਗਾ, ਸਗੋਂ ਮਨ ਵੀ ਸ਼ਾਂਤੀ ਅਤੇ ਪ੍ਰਸੰਨਤਾ ਨਾਲ ਭਰਪੂਰ ਹੋ ਜਾਵੇਗਾ।



SANJHI SOCH
ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

LARRY T. NIERMEYER

Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।




JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS .
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

GHUMAN
LAW GROUP INC.

# Ghuman Law Group

ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ



ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ

ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

**Flexible Home Time** **Pet Friendly** **Rider Policy**

SCAN QR CODE FOR
APPLY NOW

**HEALTH BENEFITS** Health Dental Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com
Sanjhi Soch TV NRI

SANJHI SOCH

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260